ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ AMRITSAR

## ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

ਫਰਵਰੀ ੧੯੭੭ Feb 1977



੨੧ ਫਰਵਰੀ ੧੯੨੧ ਨੂੰ ਮਹੰਤ ਨਰੈਣੂ ਨੇ ਇਥੇ ਸ਼ਾਂਤਮਈ ਸਿੰਘਾਂ ਨੂੰ ਗੋਲੀਆਂ, ਗੰਡਾਸਿਆਂ ਤੇ ਛਵੀਆਂ ਨਾਲ ਸ਼ਹੀਦ ਕੀਤਾ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦--੬੮-੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਹੰਗਾਮਿ ਨੌ-ਬਹਾਰ ਆਮਦ (ਫ਼ਾਰਸੀ ਗ਼ਜ਼ਲ) | ਭਾਈ ਨੰਦ ਲਾਲ ਜੀ | ੧ |
| ਖੇੜਾ ਆਇਆ—ਯਾਰ ਵੀ ਆਇਆ (ਪੰਜਾਬੀ ਅਨੁਵਾਦ) | ਸ: ਵਿਧਾਤਾ ਸਿੰਘ ਜੀ ਤੀਰ | ੨ |
| ਕਲਗੀਧਰ ਜੀ ਦੇ ਦਰਸ਼ਨ—ਬਸੰਤ ਹੀ ਬਸੰਤ | ਸੂਰਾ ਪਰਵਾਰ | ੩ |
| ਤਤਸਾਰ ਬਿਬੇਕ—ਸਿਫ਼ਤ ਸਾਲਾਹ | ਭਾਈ ਸਾਹਿਬ ਰਣਧੀਰ ਸਿੰਘ ਜੀ | ੫ |
| ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ | ,, ,, ,, | ੭ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੯ |
| ਸੁਖਮਨੀ (ਸੁਖਾਂ ਦੀ ਮਣੀ) ਕਵਿਤਾ | ਗਿ: ਗੋਪਾਲ ਸਿੰਘ ਜੀ ਮਿੱਤਰ | ੧੩ |
| ਹਵਾਈ ਜਹਾਜ਼ ਵਿਚ ਅਖੰਡਪਾਠ | ਡੀ. ਐਸ. ਲਾਇਲਪੁਰੀ | ੧੪ |
| ਚੌਧਰੀ ਲੰਗਾਹ | ਸਾਰੰਗ ਜੀ, ਕਪੂਰਥਲਾ | ੧੬ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ | ਭਾਈ ਸਾਹਿਬ ਡਾ: ਵੀਰ ਸਿੰਘ ਜੀ | ੨੦ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ | ,, ,, ,, | ੨੧ |
| 'ਭਗਉਤੀ' ਨਾਮ ਰੂਪੀ ਖੰਡਾ ਹੈ | ਭਾਈ ਸਾਹਿਬ ਰਣਧੀਰ ਸਿੰਘ ਜੀ | ੨੩ |
| ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ | ਗਿ: ਪ੍ਰਤਾਪ ਸਿੰਘ ਜੀ | ੨੫ |
| ਅੰਡਿਆਂ ਤੋਂ ਭਿਅੰਕਰ ਰੋਗ | ਸ: ਮੁਖ਼ਤਾਰ ਸਿੰਘ ਜੀ | ੨੯ |
| ਸੁਤੀ ਕੌਮ ਨੂੰ ਹਲੂਣਾ | ਸ: ਤੇਜਿੰਦਰ ਸਿੰਘ ਜੀ ਧੀਰਜ | ੩੧ |
| ਕਲਾ ਕ੍ਰਿਸ਼ਮੀ ਕੀਰਤਨ—ਪੋਥੀਆਂ ਤੋਂ ਦੇਖ ਕੇ ਕਿਉਂ? | ਸ. ਦਲਜੀਤ ਸਿੰਘ ਜੀ ਐਮ. ਏ. | ੩੨ |
| ਪੰਥ ਗੁਰਮਤਿ-ਕਸੌਟੀ ਤੋਂ ਉਖੜ ਕੇ ਅਧੋਗਤੀ ਦੇ ਰਾਹ ਤੇ | ਜੇ. ਪੀ. ਸੰਗਤ ਸਿੰਘ ਜੀ | ੩੬ |
| ਭਾ: ਸਾ: ਰਣਧੀਰ ਸਿੰਘ ਜੀ ਦੇ ਜੀਵਨ ਤੇ ਸਰਸਰੀ ਨਜ਼ਰ | ਗਿਆਨੀ ਗੁਰਦਿਤ ਸਿੰਘ ਜੀ | ੩੮ |
| ਤੂੰ ਬਣ ਅਸਲ ਅਕਾਲੀ (ਕਵਿਤਾ) | ਸ: ਸਾਧੂ ਸਿੰਘ ਜੀ ਸੂਫ਼ੀ | ੩੯ |


## *ਬਾਊ ਮਲ ਸਿੰਘ ਜੀ ਵਲੋਂ ਸੰਗਤਾਂ ਨੂੰ ਪ੍ਰੇਮ-ਜੋਦੜੀਆਂ*

ਮਾਨਯਵਰ ਬਾਊ ਮਲ ਸਿੰਘ ਜੀ ਸਮੂਹ ਪ੍ਰੇਮੀਆਂ, ਹਿਤੂਆਂ ਤੇ ਗੁਰਮੁਖ ਪਿਆਰਿਆਂ ਪਾਸ ਬੜੇ ਪ੍ਰੇਮ, ਬੈਰਾਗ ਅਤੇ ਨਿਮਰਤਾ ਵਿਚ ਆ ਕੇ ਜੋਦੜੀ ਕਰਦੇ ਹਨ ਕਿ ਉਨ੍ਹਾਂ ਦੀ ਸਿਹਤ, ਉਮਰ ਜ਼ਿਆਦਾ ਹੋਣ ਕਾਰਨ ਕਮਜ਼ੋਰ ਹੈ ਅਤੇ ਸਫ਼ਰ ਕਰਨ ਦੇ ਲਾਇਕ ਨਹੀਂ। ਗੁਰ-ਸੰਗਤਾਂ ਉਨ੍ਹਾਂ ਨੂੰ ਖਿਮਾ ਕਰਨ, ਕਿਉਂਕਿ ਉਹ ਹੁਣ ਕਿਤੇ ਆ ਜਾ ਨਹੀਂ ਸਕਦੇ। ਉਨ੍ਹਾਂ ਨੂੰ ਕਾਨਪੁਰ, ਮੇਰਠ, ਬਰੇਲੀ, ਪਟਿਆਲਾ ਆਦਿ ਤੋਂ ਪ੍ਰੇਮ-ਸੰਦੇਸ਼ੇ ਪੁਜੇ ਹਨ ਅਤੇ ਸਮਾਗਮਾਂ ਵਿਚ ਹਾਜ਼ਰੀਆਂ ਭਰਨ ਲਈ ਬੜੀਆਂ ਖਿਚਾਂ ਪਾਈਆਂ ਗਈਆਂ ਹਨ। ਉਨ੍ਹਾਂ ਬੇਨਤੀ ਕਰ ਭੇਜੀ ਹੈ ਕਿ :—

"ਦੇਖਣ ਨੂੰ ਭਾਵੇਂ ਮੈਂ ਠੀਕ ਲਗਦਾ ਹਾਂ, ਪਰ ਮੇਰਾ ਸਰੀਰ ਜਵਾਬ ਦੇ ਰਿਹਾ ਹੈ, ਇਸ ਲਈ ਗੁਰ-ਸੰਗਤਾਂ ਮੇਰੀ ਇਹ ਗੁਸਤਾਖ਼ੀ ਨਾ ਸਮਝਣ ਅਤੇ ਸਮਾਗਮਾਂ ਵਿਚ ਨਾ ਪੁਜ ਸਕਣ ਦੀ ਮਜਬੂਰੀ ਕਾਰਨ ਖਿਮਾ ਕਰਨ। ਮੇਰਾ ਪਰਵਾਰ ਮੇਰੀ ਸੇਵਾ-ਸੰਭਾਲ ਖ਼ੂਬ ਕਰ ਰਿਹਾ ਹੈ ਅਤੇ ਮੈਨੂੰ ਕਿਸੇ ਗੱਲ ਦੀ ਕਮੀ ਨਹੀਂ। ਗੁਰਸਿਖ ਸੰਗਤਾਂ ਦੀ ਖਿਚ ਪਰਬਲ ਹੋ ਕੇ ਪੁਜਦੀ ਤੇ ਟੁੰਬਦੀ ਰਹਿੰਦੀ ਹੈ। ਦਾਸ ਵਲੋਂ ਸਰਬਤ ਖ਼ਾਲਸਾ ਜੀ ਨੂੰ ਪ੍ਰੇਮ ਭਰੀ ਗੁਰ ਫ਼ਤਹ।"

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੩੧.੧.੭੭ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 5 1 8 4 7

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹਿ ॥

# ਸੂਰਾ

ਮਾਸਕ ਅੰਮ੍ਰਿਤਸਰ ਪੱਤਰ


ਸਲਾਨਾ ਚੰਦਾ ੮-੦੦
ਪਰਦੇਸ ੧੮-੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦-੭੫



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ


## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ


ਜਿਲਦ ੧੧ ਫਰਵਰੀ ੧੯੭੭ ਅੰਕ ੨


## ਹੰਗਾਮਿ ਨੌ-ਬਹਾਰ ਆਮਦ

ਬ-ਹੋਸ਼ ਬਾਸ਼ ਕਿ ਹੰਗਾਮਿ ਨੌ-ਬਹਾਰ ਆਮਦ ।
ਬਹਾਰ ਆਮਦੋ ਯਾਰ ਆਮਦੋ ਕਰਾਰ ਆਮਦ ॥੧॥
ਦਰੂਨਿ ਮਰਦਮਕਿ ਚਸ਼ਮ, ਜ਼ਿ ਬਸਕਿ ਜਲਵਾ-ਗਰ ਅਸਤ ।
ਬ-ਹਰ ਤਰਫ਼ ਕਿ ਨਜ਼ਰ ਕਰਦ, ਰੂਏ ਯਾਰ ਆਮਦ ॥੨॥
ਬ-ਹਰ ਤਰਫ ਕਿ ਰਵੀ ਦੀਦਹ ਮੇ ਰਵਦ, ਚਿਹ ਕੁਨਮ ?
ਦਰੀਂ ਮੁਕੱਦਮਾ ਮਾ ਰਾ, ਚਿ ਇਖ਼ਤਿਆਰ ਆਮਦ ॥੩॥
ਖ਼ਬਰ ਦਿਹੰਦ ਬ-ਯਾਰਾਨਿ ਮੁਦੱਈ, ਕਿ ਇਮ-ਸ਼ਬ ।
ਅਨਲਹੱਕ ਜ਼ਦਹ ਮਨਸੂਰ, ਸੂਏ ਦਾਰ ਆਮਦ ॥੪॥
ਖ਼ਬਰ ਦਿਹੰਦ ਬ-ਗੁਲਹਾ ਕਿ ਸ਼ਗੁਫ਼ਤੰਦ ਹਮਾ ।
ਅਜ਼ੀਂ ਨਵੇਦ ਕਿ ਆਂ ਬੁਲਬੁਲਿ ਹਜ਼ਾਰ ਆਮਦ ॥੫॥
ਖ਼ੁਦਾ ਬ-ਮਾਂਦ ਜ਼ਿ ਗ਼ੈਰਤ ਜੁਦਾਅ ਵ ਮਨ ਹੈਰਾਂਅ ।
ਹਦੀਸਿ ਸ਼ੌਕਿ ਤੋ ਅਜ਼ ਬਸਕਿ ਬੇਸ਼ੁਮਾਰ ਆਮਦ ॥੫॥
ਖ਼ਿਆਲਿ ਹਲਕਾ-ਇ ਜ਼ੁਲਫ਼ਿ ਤੋ ਮੇ ਕੁਨਦ 'ਗੋਇਆ' ।
ਅਜ਼ੀਂ ਸਬੱਬ ਕਿ ਦਿਲ ਅਜ਼ ਸ਼ੌਕ ਬੇਕਰਾਰ ਆਮਦ ॥੭॥

ਪੰਜਾਬੀ ਕਾਵਿ ਤੇ ਉਲਥਾ ਸਫ਼ਾ ੨] [ਭਾ: ਨੰਦ ਲਾਲ ਜੀ, ਗ-ਲ ੧੯


ਚਿੱਠੀ ਪੱਤਰ ਤੇ ਰਕਮ ਭੇਜਣ ਲਈ :-
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ



www.AKJ.Org

# ਖੇੜਾ ਆਇਆ ਯਾਰ ਵੀ ਆਇਆ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦਾ ਪੰਜਾਬੀ ਰੂਪ]

ਸੁਰਤ ਸੰਭਾਲ ਸਮੇਂ ਸਿਰ ਸਜਨਾ, ਸਮਾਂ ਬਹਾਰ ਹੈ ਆਇਆ।
ਖੇੜਾ ਆਇਆ ਯਾਰ ਵੀ ਆਇਆ, ਸ਼ਾਂਤ ਫੁਹਾਰ ਲਿਆਇਆ।੧।
ਮੇਰੀ ਅੱਖ ਦੀ ਪੁਤਲੀ ਅੰਦਰ, ਡੇਰਾ ਲਗ ਗਿਆ ਕਿਸ ਦਾ ?
ਜਿਤ ਵਲ ਨਜ਼ਰ ਦੁੜਾਵਾਂ ਉਤ ਵਲ, ਉਸ ਦਾ ਚਿਹਰਾ ਦਿਸਦਾ।੨।
ਓਧਰ ਅੱਖ ਜਾਂਦੀ ਏ ਮੇਰੀ, ਜਿਧਰ ਜਾਏਂ ਤੂੰ ਰੱਬਾ!
ਇਸ਼ਕ-ਮੁਕੱਦਮੇ ਵਿਚੋਂ ਸਾਨੂੰ, ਤੂੰਹੀਓਂ ਦੱਸ, ਕੀ ਲੱਭਾ।੩।
ਆਸਵੰਦ ਸਜਨਾਂ ਨੂੰ ਦਸੋ! ਅਜ ਰਾਤੀਂ ਰੰਗ ਛਾਇਆ।
ਚੁੰਮਣ ਅਜ ਮਨਸੂਰ ਸੂਲੀ ਨੂੰ, ਆਪੇ ਹੈ ਚਲ ਆਇਆ।੪।
ਖ਼ਬਰ ਕਰੋ ਫੁੱਲਾਂ ਨੂੰ ਖਿੜ ਖਿੜ, ਖੇੜੇ ਨੂੰ ਰੰਗ ਲਾਵਣ।
ਕਿਉਂਕਿ ਅੱਜ ਮਿੱਠ-ਬੋਲੀ ਬੁਲਬੁਲ, ਆ ਗਈ ਏਥੇ ਗਾਵਣ।੫।
ਮੈਂ ਅਗਿਆਨੀ ਪਿਰੀ ਵਿਹੂਣਾ, ਵਿਚ ਹੈਰਾਨੀ ਫਸਿਆ।
ਪਰ ਹੁਣ ਜਾਗੀ ਕਿਸਮਤ ਮੇਰੀ, ਪ੍ਰੇਮ ਤੇਰਾ ਮਨ ਵਸਿਆ।੬।
ਜ਼ੁਲਫ਼ ਤੁਹਾਡੀ ਦੇ ਕੁੰਡਲ ਨੂੰ, 'ਗੋਇਆ' ਤਦੇ ਧਿਆਵੇ।
ਕਿਉਂਕਿ ਉਸ ਦੇ ਦਿਲ ਨੂੰ ਪਲ ਪਲ, ਇਸ਼ਕ ਪਿਆ ਤੜਫਾਵੇ।੭।

[ਸ: ਵਿਧਾਤਾ ਸਿੰਘ ਜੀ ਤੀਰ

---

# ਫ਼ਾਰਸੀ ਗ਼ਜ਼ਲ ਦੇ ਅਰਥ

(੧) ਪਦ ਅਰਥ:—ਬ-ਹੋਸ਼ ਬਾਸ਼—ਹੋਸ਼ ਵਿਚ ਹੋਵੋ, ਸੁਰਤ ਸੰਭਾਲੋ, ਭਾਵ ਹੁਸ਼ਿਆਰ ਹੋ ਜਾਓ। ਹੰਗਾਮਾ—ਸਮਾਂ। ਨੌ-ਬਹਾਰ—ਨਵੀਂ ਬਹਾਰ, ਬਸੰਤ ਰੁਤ। ਆਮਦ—ਆ ਗਈ। ਕਰਾਰ—ਸੁਖ-ਸ਼ਾਂਤੀ।

ਅਰਥ :—ਹੋਸ਼ ਕਰੋ ਕਿ ਨਵੀਂ ਬਹਾਰ (ਬਸੰਤ ਰੁਤ ਦੇ ਖੇੜੇ) ਦਾ ਸਮਾਂ ਆ ਗਿਆ ਹੈ। ਇਹ ਖੇੜੇ ਦੀ ਰੁਤ ਆਈ ਹੈ (ਕਿ) ਪਿਆਰਾ ਪ੍ਰੀਤਮ ਆ ਗਿਆ ਹੈ ਅਤੇ ਸੁਖ ਤੇ ਸ਼ਾਂਤੀ ਆ ਬਿਰਾਜੀ ਹੈ।

(੨) ਪਦ ਅਰਥ :—ਦਰੂਨ—ਵਿਚ। ਮਰਦ-ਮਕਿ ਚਸ਼ਮ—ਅੱਖ ਦੀ ਪੁਤਲੀ। ਜ਼ਿ ਬਸਕਿ—ਜਦ ਤੋਂ। ਜਲਵਾ-ਗਰ—ਪਰਕਾਸ਼ਮਾਨ। ਅਸਤ—ਹੈ। ਬ-ਹਰ ਤਰਫ਼—ਹਰੇਕ ਪਾਸੇ। ਕਰਦ—ਕੀਤੀ। ਰੂਏ ਯਾਰ ਆਮਦ—ਪ੍ਰੀਤਮ ਦਾ ਮੁਖੜਾ ਦਿਸਿਆ।

ਅਰਥ :—ਮੇਰੀ ਅੱਖ ਦੀ ਪੁਤਲੀ ਵਿਚ ਜਦੋਂ ਦੇ (ਪ੍ਰੀਤਮ ਜੀ) ਪ੍ਰਕਾਸ਼ਮਾਨ ਹੋਏ ਹਨ (ਮੈਨੂੰ) ਹਰ ਪਾਸੇ ਹੀ ਪ੍ਰੀਤਮ ਪਿਆਰੇ ਦੇ ਦਰਸ਼ਨ ਦੀਦਾਰ ਹੋ ਰਹੇ ਹਨ।

(੩) ਪਦ ਅਰਥ :—ਕਿ ਰਵੀ—ਕਿ ਤੁਸੀਂ ਜਾਂਦੇ ਹੋ। ਦੀਦਹ—ਅੱਖਾਂ। ਮੇ ਰਵਦ—ਜਾਂਦੀਆਂ ਹਨ। ਚਿਹ ਕੁਨਮ—ਮੈਂ ਕੀ ਕਰਾਂ ? ਦਰੀਂ, ਦਰ+ਈਂ—ਇਸ ਵਿਚ। ਮੁਕੱਦਮਾ—ਝਗੜਾ, ਖਿਚੋਤਾਣ। ਮਾ ਰਾ—ਮੈਨੂੰ। ਚਿ—ਚਿਹ, ਕੀ ? ਇਖ਼ਤਿਆਰ—ਵਸ।

ਅਰਥ :—ਮੈਂ ਕੀ ਕਰਾਂ ਹੇ ਪ੍ਰੀਤਮ! ਜਿਸ ਪਾਸੇ ਵੀ ਤੁਸੀਂ ਜਾਂਦੇ ਹੋ, ਮੇਰੀਆਂ ਅੱਖਾਂ ਉਸੇ ਪਾਸੇ ਵਲ ਖਿਚੀਆਂ ਜਾਂਦੀਆਂ ਹਨ। ਇਸ ਖਿਚੋਤਾਣ ਵਿਚ ਮੇਰੇ ਵਸ ਕੀ ਹੈ ?

(੪) ਪਦ ਅਰਥ :—ਦਿਹੰਦ—ਦਿਓ। ਬਯਾਰਾਨਿ—ਸਜਣਾਂ ਮਿਤਰਾਂ ਨੂੰ। ਮੁਦੱਈ—ਆਸਵੰਦ। ਇਮ-ਸ਼ਬ—ਅਜ ਦੀ ਰਾਤ। ਅਨਲਹੱਕ—ਮੈਂ ਹੀ ਈਸ਼ਵਰ ਹਾਂ। ਜ਼ਦਹ—ਮਾਰਿਆ। ਮਨਸੂਰ—ਇਕ ਸੂਫ਼ੀ ਫ਼ਕੀਰ। ਸੂਏ ਦਾਰ—ਸੂਲੀ ਵਲ।

[ਬਾਕੀ ਦੇਖੋ ਸਫ਼ਾ ੩ ਦੇ ਹੇਠ]



www.AKJ.Org

# ਕਲਗੀਧਰ ਜੀ ਦੇ ਦਰਸ਼ਨ—ਬਸੰਤ ਹੀ ਬਸੰਤ

## [ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦੀ ਵਿਆਖਿਆ]

ਭਾਈ ਨੰਦ ਲਾਲ ਜੀ ਅਨੰਦਪੁਰ ਦੀਆਂ ਗਲੀਆਂ ਵਿਚ ਦਸਮੇਸ਼ ਪਾਤਸ਼ਾਹ ਦੇ ਦਰਸ਼ਨਾਂ ਦੀ ਸਿਕ ਵਿਚ ਬਿਹਬਲ ਹੋ ਰਹੇ ਹਨ। ਪ੍ਰੀਤਮ ਕਲਗੀਧਰ ਦੇ ਦਰਸ਼ਨਾਂ ਦੀ ਹਿਰਦੇ ਅੰਦਰ ਡੂੰਘੀ ਖਿਚ ਹੈ। ਉਸ ਬਿਰਹੋਂ ਦੀ ਤੜਫ ਵਿਚ ਲਟਬੌਰੇ ਹੋਏ, ਹਿਰਦੇ ਦੀ ਵੇਦਨਾ ਅੰਦਰ ਨਪੀ ਬੈਠੇ ਹਨ। ਅਜਿਹੀ ਦਸ਼ਾ ਵਿਚ ਵਿਚਰਦਿਆਂ ਨੂੰ ਖ਼ਬਰ ਮਿਲਦੀ ਹੈ ਕਿ ਸੋਹਣਿਆਂ ਦਾ ਸੁਲਤਾਨ ਕਲਗੇਸ਼ ਪਿਤਾ ਜੀ ਦਰਸ਼ਨ ਦੇਣ ਲਈ ਆਪ ਚਲ ਕੇ ਆ ਰਹੇ ਹਨ। ਜਦੋਂ ਭਾਈ ਸਾਹਿਬ ਜੀ ਨੂੰ ਸਤਿਗੁਰਾਂ ਦੇ ਦਰਸ਼ਨਾਂ ਦੀ ਅਨੂਪਮ ਝਲਕ ਪੈਂਦੀ ਹੈ ਤਾਂ ਆਪ ਖੁਸ਼ੀ ਵਿਚ ਨਚ ਉਠਦੇ ਹਨ ਅਤੇ ਇਉਂ ਆਪਣੀਆਂ ਕੂਕਾਂ ਕੂਕਦੇ ਹਨ —

ਮੇਰੇ ਪਿਆਰੇ ਸਤਸੰਗੀਓ ਆਓ, ਵੇਖੋ ਕਿ ਕਿਹਾ ਸੁਹਾਵਣਾ ਸਮਾਂ ਆ ਬਝਾ ਹੈ। ਸੁਹਣੀ ਬਸੰਤ ਰੁਤ ਦਾ ਪਰਵੇਸ਼ ਹੋ ਗਿਆ ਹੈ, ਮੇਰਾ ਸੋਹਣਾ ਪਾਤਸ਼ਾਹ ਮੇਰੇ ਗ੍ਰਿਹਿ ਆਇਆ ਹੈ! ਵਾਹ ਵਾਹ! ਖੇੜਾ ਹੀ ਖੇੜਾ, ਖੁਸ਼ੀ ਹੀ ਖੁਸ਼ੀ, ਅਨੰਦ ਮੰਗਲਾਚਾਰ ਹੋ ਗਿਆ ਹੈ —

ਬਸੰਤ ਰੁਤਿ ਆਈ ॥ ਪਰਫੂਲਤਾ ਰਹੇ ॥੧॥ (੧੧੮੫)

ਇਸ ਖੇੜੇ ਤੇ ਵਿਗਾਸ ਦੀ ਐਸੀ ਅਨੂਪਮ ਦਸ਼ਾ ਵਾਪਰ ਗਈ ਹੈ ਕਿ ਹੁਣ ਜਿਧਰ ਵੀ ਵੇਖਦਾ ਹਾਂ ਉਧਰ ਹੀ ਪਿਆਰਾ ਪ੍ਰੀਤਮ ਦਿਸਦਾ ਹੈ, ਹਰੇਕ ਪਾਸੇ ਓਹੋ ਹੀ ਨਜ਼ਰੀਂ ਆਉਂਦਾ ਹੈ ਤੇ ਸਭ ਥਾਈਂ

---

[ਸਫ਼ਾ ੨ ਦੀ ਬਾਕੀ]

ਅਰਥ :—ਸਜਣਾਂ ਮਿਤਰਾਂ ਸਤਸੰਗੀਆਂ ਨੂੰ ਖ਼ਬਰ ਦੇ ਦਿਓ ਕਿ ਅਜ ਰਾਤੀਂ (ਪ੍ਰੀਤਮ ਪਿਆਰ ਅਤੇ ਉਸ ਦੇ ਬੈਰਾਗ ਵਿਚ ਨਾਮ ਕੂਕਾਂ ਪਾ ਪਾ ਕੇ ਦਰਸ਼ਨਾਂ ਦੀ)ਆਸ ਧਾਰੀ ਹੈ। ਮਨਸੂਰ (ਸੂਫ਼ੀ ਫ਼ਕੀਰ) ਪ੍ਰਭੂ ਰੂਪ ਹੋਣ ਦਾ ਨਾਹਰਾ ਮਾਰਨ ਕਰਕੇ ਸੂਲੀ ਵਲ ਲਿਜਾਇਆ ਗਿਆ (ਭਾਵ ਸੂਲੀ ਤੇ ਟੰਗਿਆ ਗਿਆ)।

(੫) ਪਦ ਅਰਥ :—ਬ-ਗੁਲਹਾ—ਫੁੱਲਾਂ ਨੂੰ, ਗੁਰਮੁਖਾਂ ਨੂੰ। ਸ਼ਗੁਫਤੰਦ—ਖਿੜ ਜਾਣ। ਹਮਾ—ਸਾਰੇ। ਅਜ਼ੀਂ—ਇਸ ਤੋਂ। ਨਵੇਦ—ਖ਼ੁਸ਼ਖ਼ਬਰੀ। ਕਿ ਬੁਲਬੁਲਿ ਹਜ਼ਾਰ—ਅਨੇਕਾਂ ਮਿਠੇ ਬਚਨ ਬੋਲਣ ਵਾਲੀ ਬੁਲਬੁਲ, ਮਿਠਬੋਲੜਾ ਪ੍ਰੀਤਮ।

ਅਰਥ :—ਗੁਰਮੁਖ ਪਿਆਰੇ ਗੁਰਸਿਖਾਂ ਨੂੰ ਖ਼ਬਰ ਕਰ ਦਿਓ ਕਿ ਉਹ ਸਾਰੇ ਖੇੜੇ ਵਿਚ ਆ ਜਾਣ, ਇਹ ਖੁਸ਼ਖ਼ਬਰੀ ਸੁਣ ਕੇ ਕਿ ਮਿਠਬੋਲੜੇ ਪ੍ਰੀਤਮ ਪਿਆਰੇ ਦੀ ਆਮਦ ਹੋ ਰਹੀ ਹੈ।

(੬) ਪਦ ਅਰਥ :—ਖ਼ੁਦਾ—ਪ੍ਰਭੂ, ਵਾਹਿਗੁਰੁ। ਬ-ਮਾਂਦ—ਰਹਿ ਗਿਆ, ਠਹਿਰ ਗਿਆ। ਗ਼ੈਰਤ—ਓਪਰੇ ਹੋਣਾ, ਅਨਜਾਣ ਹੋਣਾ। ਜੁਦਾਅ—ਵਖ, ਦੂਰ। ਮਨ—ਮੈਂ। ਹੈਰਾਂਅ—ਹੈਰਾਨ, ਪ੍ਰੇਸ਼ਾਨ। ਹਦੀਸਿ ਸ਼ੌਕਿ ਤੋ—ਤੇਰੇ ਸ਼ੌਕ ਦੀ ਹਦੀਸ, ਤੇਰੇ ਪ੍ਰੇਮ ਦੀ ਵਾਰਤਾ। ਬੇਸ਼ੁਮਾਰ—ਬੇਹਦ।

ਅਰਥ :—(ਹੁਣ ਤਕ) ਅਨਜਾਣ-ਪੁਣੇ ਕਾਰਨ ਪ੍ਰਭੂ-ਪ੍ਰੀਤਮ ਤੋਂ ਮੈਂ ਵਿਛੜਿਆ ਰਿਹਾ ਅਤੇ ਇਸ ਤਰ੍ਹਾਂ ਮੈਂ ਪ੍ਰੇਸ਼ਾਨ ਰਿਹਾ, (ਪਰ ਹੁਣ ਸਤਿਗੁਰੂ ਦੀ ਕਿਰਪਾ ਨਾਲ) ਮੇਰੇ ਅੰਦਰ ਪ੍ਰਭੂ-ਪ੍ਰੀਤਮ ਦੀਆਂ ਪ੍ਰੇਮ ਕਹਾਣੀਆਂ ਲਈ ਅਥਾਹ ਪ੍ਰੇਮ ਉਤਪੰਨ ਹੋ ਗਿਆ ਹੈ।

(੭) ਪਦ ਅਰਥ :—ਹਲਕਾ-ਇ ਜ਼ੁਲਫ਼ਿ ਤੋ—ਤੇਰੇ ਸੁੰਦਰ ਕੇਸਾਂ ਵਾਲਾ ਸਰੂਪ। ਮੇ ਕੁਨਦ—ਕਰਦਾ ਹੈ। ਗੋਇਆ—ਭਾਈ ਨੰਦ ਲਾਲ ਜੀ ਦਾ ਉਪ-ਨਾਮ। ਅਜ਼ੀਂ ਸਬੱਬ—ਇਸੇ ਕਾਰਨ ਕਰਕੇ। ਅਜ਼ ਸ਼ੌਕ—ਪ੍ਰੇਮ ਤੋਂ, ਪ੍ਰੇਮ ਕਾਰਨ। ਬੇਕਰਾਰ—ਬੇਚੈਨ।

ਅਰਥ :—(ਭਾਈ ਨੰਦ ਲਾਲ ਜੀ) ਗੋਇਆ (ਕਹਿੰਦੇ ਹਨ ਕਿ ਹੇ ਸਤਿਗੁਰੂ!) ਕਿ ਤੇਰੇ ਸੁੰਦਰੀਲੇ ਕੇਸਾਂ ਵਾਲੇ ਸਰੂਪ ਦਾ ਜਦ ਮੈਂ ਧਿਆਨ ਧਰਦਾ ਹਾਂ ਤਾਂ ਮੇਰਾ ਦਿਲ ਪ੍ਰੇਮ (ਉਛਾਲੇ) ਨਾਲ ਬੇਚੈਨ ਹੋ ਉਠਦਾ ਹੈ।

[ ਪ੍ਰਿੰ: ਹਰਭਜਨ ਸਿੰਘ ਜੀ ਕ੍ਰਿਤ "ਸਾਚੀ ਪ੍ਰੀਤਿ" ਪੁਸਤਕ ਤੋਂ ਅਧਾਰਤ



www.AKJ.Org

ਉਸੇ ਦੇ ਦਰਸ਼ਨ ਦੀਦਾਰ ਹੁੰਦੇ ਹਨ। ਹੁਣ ਤਾਂ ਐਸਾ ਸੰਜੋਗ ਬਣ ਗਿਆ ਹੈ ਕਿ—

ਸੇਜ ਸੁਹਾਵੀ ਰਸਿ ਬਨੀ ॥
ਆਇ ਮਿਲੇ ਪ੍ਰਭ ਸੁਖ ਧਨੀ ।.੩॥ (੧੧੮੪)

ਇਹ ਸੁਖ-ਅਨੰਦ ਮਾਣਦੇ ਹੋਏ ਅਤੇ ਸਭ ਪਾਸੇ ਪ੍ਰੀਤਮ ਜੀ ਦੇ ਦਰਸ਼ਨ-ਦੀਦਾਰਿਆਂ ਦਾ ਰਸ ਭੁੰਚਦੇ ਹੋਏ ਫਿਰ ਭਾਈ ਨੰਦ ਲਾਲ ਜੀ ਕਲਗੀਧਰ ਜੀ ਦੇ ਚਰਨਾਂ ਵਿਚ ਜੋਦੜੀਆਂ ਕਰਨ ਲਗ ਪੈਂਦੇ ਹਨ ਕਿ ਹੇ ਪਾਤਸ਼ਾਹ, ਆਪ ਜੀ ਦੇ ਵਿਜੋਗ ਵਿਚ ਮੇਰੀ ਜੋ ਇਹ ਵੈਰਾਗਵਾਨ ਦਸ਼ਾ ਹੋ ਰਹੀ ਹੈ, ਇਹ ਮੇਰੇ ਵਸ ਦੀ ਗੱਲ ਨਹੀਂ। ਮੈਂ ਕੀ ਕਰਾਂ ਤੇ ਕਿਵੇਂ ਆਪਣੀ ਪੀੜਾ ਦਸਾਂ ? ਜਿਧਰ ਜਿਧਰ ਵੀ ਆਪ ਜੀ ਜਾਂਦੇ ਹੋ, ਮੇਰੀਆਂ ਅੱਖਾਂ ਉਸੇ ਪਾਸੇ ਵਲ ਖਿਚੀਆਂ ਤੁਰੀਆਂ ਜਾਂਦੀਆਂ ਹਨ।

ਅਰਦਾਸ ਕਰਦੇ ਕਰਦੇ ਅਤੇ ਦਰਸ਼ਨ ਦੀਦਾਰ ਪਰਸਦੇ ਹੋਏ ਗੋਇਆ ਜੀ ਪ੍ਰੀਤਮ-ਪ੍ਰਭੂ ਨਾਲ ਇਕ ਮਿਕ ਹੋਣ ਲਈ ਸਮੂਹ ਸਤਸੰਗੀਆਂ ਨੂੰ ਸੁਨੇਹੇ ਦਿੰਦੇ ਹਨ ਕਿ ਅਜ ਵਸਲ-ਮਿਲਾਪ ਦੀ ਰਾਤ ਹੈ, ਸੁਹਾਗ ਭਾਗ ਦੀ ਰਾਤ ਹੈ, ਪ੍ਰੀਤਮ ਦੇ ਮਿਲਾਪ ਵਿਚ ਕੂਕਦੇ ਹਨ —

ਮੇਰੀ ਸੇਜੜੀਏ ਆਡੰਬਰੁ ਬਣਿਆ ॥ (੪੫੯)

ਪਰ ਇਥੇ ਨਾਲ ਹੀ ਚਿਤਾਵਨੀ ਕਰਾਉਂਦੇ ਹਨ ਕਿ ਇਸ ਪ੍ਰੇਮ ਦੀ ਗਲੀ ਵਿਚ ਆਉਣ ਲਈ ਜ਼ਰੂਰੀ ਹੈ ਕਿ —

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ।
ਇਤੁ ਮਾਰਗਿ ਪੈਰ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (੧੪੧੮)

ਇਸ ਪ੍ਰੇਮ ਦੀ ਖੇਡ ਖੇਡਦਿਆਂ ਮਨਸੂਰ ਵਰਗਿਆਂ ਨੂੰ ਸੂਲੀ ਤੇ ਚੜ੍ਹਨਾ ਪਿਆ। ਇਹ ਬਿਖਮ ਖੰਡੇਧਾਰ ਮਾਰਗ ਹੈ। ਪਰ ਪ੍ਰੀਤ-ਭੌਰੇ ਗੁਰਮੁਖ ਸਤਸੰਗੀ ਜਨ ਮਿਠਬੋਲੜੇ ਪ੍ਰੀਤਮ ਪਿਆਰੇ ਦੇ ਆਗਮਨ ਵਿਚ ਅਨੰਦ-ਮੰਗਲਾਚਾਰ ਮਨਾਂਦੇ ਹੋਏ ਖਿੜ ਖਿੜ ਪੈਂਦੇ ਹਨ ਅਤੇ ਇਉਂ ਪੁਕਾਰ ਉਠਦੇਹਨ—

ਹਰਿ ਆਵਤੇ ਕੀ ਖਬਰਿ ਗੁਰਿ ਪਾਈ, ਮਨਿ ਤਨਿ ਆਨਦੋ ਆਨੰਦ ਭਏ, ਹਰਿ ਆਵਤੇ ਸੁਨੇ ਮੇਰੇ ਲਾਲ ਹਰਿ ਲਾਲ ॥ (੬੭੭)

ਇਉਂ ਪਿਆਰੇ ਪ੍ਰੀਤਮ ਦੇ ਦਰਸ਼ਨ-ਮਿਲਾਪ ਵਿਚ ਅਨੰਦ-ਨਿਮਗਨ ਹੋਏ ਅੰਤ ਵਿਚ ਪ੍ਰੀਤਮ ਦੇ ਚਰਨਾਂ ਵਿਚ ਵਿਲਕਣੀਆਂ ਕਢਦੇ ਹਨ ਕਿ ਮੇਰੇ ਸੋਹਣੇ ਪਾਤਸ਼ਾਹ ! ਮੈਂ ਆਪਣੇ ਅਨਜਾਣਪੁਣੇ ਵਿਚ ਹੁਣ ਤਕ ਤੈਥੋਂ ਵਿਛੜਿਆ ਰਿਹਾ ਹਾਂ ਅਤੇ ਪ੍ਰੇਸ਼ਾਨੀ ਵਿਚ ਭਟਕਦਾ ਠੇਡੇ ਖਾਂਦਾ ਰਿਹਾ ਹਾਂ, ਪਰ ਹੁਣ ਤੇਰੇ ਇਨ੍ਹਾਂ ਸੋਹਣੇ ਦਰਸ਼ਨਾਂ ਦਾ ਤੀਖਣ ਪ੍ਰੇਮ ਮੇਰੇ ਹਿਰਦੇ ਵਿਚ ਆ ਟਿਕਿਆ ਹੈ ਅਤੇ ਤੇਰੇ ਪ੍ਰੇਮ ਦੀਆਂ ਕਹਾਣੀਆਂ ਹੀ ਹੁਣ ਮੇਰਾ ਅਧਾਰ ਹਨ। ਹੁਣ ਤਾਂ ਸਖੀਆਂ ਸਹੇਲੀਆਂ ਸੰਗ ਇਹੋ ਹੀ ਗਾਉਂਦਾ ਹਾਂ :—

ਮਾਈ ਸੰਤ ਸੰਗਿ ਜਾਗੀ ॥ ਪ੍ਰਿਅ ਰੰਗ ਦੇਖੈ, ਜਪਤੀ ਨਾਮੁ ਨਿਧਾਨੀ ॥ਰਹਾਉ॥
ਦਰਸਨ ਪਿਆਸ ਲੋਚਨ ਤਾਰ ਲਾਗੀ ॥
ਬਿਸਰੀ ਤਿਆਸ ਬਿਡਾਨੀ ॥੧॥ ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨ ਪੇਖਤ ਮਨੁ ਲਪਟਾਨੀ॥੨॥੧॥(੧੧੧੯)

ਇਸ ਤਰ੍ਹਾਂ ਗੋਇਆ ਜੀ ਕਲਗੀਧਰ ਜੀ ਦੇ ਸੋਹਣੇ ਕੇਸਾਂ ਵਾਲੇ ਸੁੰਦਰ ਸਰੂਪ ਦੀ ਛੱਬੀ ਦਾ ਧਿਆਨ ਧਰਦੇਂ ਹੋਏ ਇਉਂ ਗਾ ਉਠਦੇ ਹਨ —

ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ ॥ ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ ॥੫॥ (੭੬੧)

ਤੇ ਫਿਰ ਇਹ ਅਵਸਥਾ ਤਾਰੀ ਹੋ ਜਾਂਦੀ ਹੈ ਕਿ—

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,
ਬੁਧਿ ਕੀ ਬੁਧਿ ਰਹੀ, ਮਤਿ ਮੈ ਨ ਮਤਿ ਹੈ।
ਸੁਰਤਿ ਮੈ ਨ ਸੁਰਤਿ ਔ, ਧਿਆਨ ਮੈਂ ਨ ਧਿਆਨ ਰਹਿਓ, ਗਿਆਨ ਮੈਂ ਨ ਗਿਆਨ ਰਹਿਓ, ਗਤਿ ਮੈਂ ਨ ਗਤਿ ਹੈ। ਧੀਰਜ ਕੋ ਧੀਰਜ ਗਰਬ ਕੋ ਗਰਬ ਗਇਓ, ਰਤਿ ਮੈਂ ਨ ਰਤਿ ਰਹੀ, ਪਤਿ ਰਤਿ ਪਤਿ ਹੈਂ ॥
ਅਦਭੁਤ ਪਰਮਭੁਤ ਬਿਸਮੈ ਬਿਸਮ,
ਅਸਚਰਜੈ ਅਸਚਰਜ, ਅਤਿ ਅਤਿ ਹੈ ।੨੫।

[ਭਾਈ ਗੁਰਦਾਸ ਜੀ



www.AKJ.Org

# ਤਤਸਾਰ ਬਿਬੇਕ—ਸਿਫ਼ਤ ਸਾਲਾਹ

## *ਗੁਰਮਤਿ ਦਾ ਮੁਖ ਮੰਤਵੀ ਸਿਰ ਕਰਮਨ ਕੇ ਕਰਮ ਵਰਣਨ*

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਸਤਿਗੁਰੂ ਦੇ ਜਿਤਨੇ ਭੀ ਹੁਕਮ ਅਰਥਾਤ ਹੁਕਮ ਰੂਪ ਬਚਨ ਹਨ, ਉਹਨਾਂ ਹੁਕਮਾਂ ਦੇ ਸਿਰ ਹੁਕਮ ਅਰਥਾਤ ਹੁਕਮਨ ਸਿਰ ਹੁਕਮ (ਤਤਸਾਰ ਹੁਕਮ) ਇਹੋ ਹੁਕਮ ਹੈ ਜੋ ਸਮਗਰ ਹੁਕਮਾਂ ਦਾ ਕੇਂਦਰ ਹੈ। ਜਿਸ ਦੇ ਦਵਾਲੇ (ਗਿਰਦਾ ਗਿਰਦ) ਸਾਰੇ ਹੁਕਮ ਆਕਰਖਣੀ ਤਾਣ ਅੰਦਰ ਘੁੰਮਦੇ ਹਨ ਅਤੇ ਇਹੋ ਹੁਕਮ ਸਾਡੇ ਕਮਾਵਣ ਲਈ ਜਦੋਂ ਕਮਾਈ ਅੰਦਰ ਆਉਂਦਾ ਹੈ, "ਸਿਰਿ ਕਰਮਨ ਕੈ ਕਰਮਾ" ਬਣ ਜਾਂਦਾ ਹੈ।

ਇਹ 'ਹੁਕਮਨ ਸਿਰ ਹੁਕਮ' ਅਰਥਾਤ 'ਕਰਮਨ ਸਿਰ ਕਰਮਾ' ਕੀ ਹੈ? ਇਕੋ ਨਾਮ ਹੈ, ਜਿਸ ਨੂੰ ਕਿ ਸਿਫ਼ਤ ਸਾਲਾਹਨ, ਹਰਿ ਸਿਮਰਨ, ਹਰਿ ਕੀਰਤਨ, ਹਰਿ ਜਸ ਨਾਵਾਂ ਨਾਲ ਗੁਰਮਤਿ (ਗੁਰਬਾਣੀ) ਅੰਦਰ ਸੰਕੇਤ ਕੀਤਾ ਗਿਆ ਹੈ। ਜਦੋਂ ਇਹ ਹੁਕਮ, ਅਥਵਾ ਹੁਕਮ ਰੂਪੀ ਨਾਮ ਕਮਾਵਣ ਅੰਦਰ ਆਉਂਦਾ ਹੈ, ਅਥਵਾ ਕਮਾਇਆ ਜਾਣ ਕਰਕੇ ' ਸਿਰਿ ਕਰਮਨ ਕੈ ਕਰਮਾ" ਦੀ ਸੰਕੇਤਕ ਪਦਵੀ ਅੰਦਰ ਸੰਕੇਤਿਆ ਜਾਂਦਾ ਹੈ ਤਦੋਂ ਏਸੇ 'ਸਿਫ਼ਤ ਸਾਲਾਹ' ਰੂਪੀ "ਸਿਰਿ ਕਰਮਨ ਕੈ ਕਰਮਾ" ਨੂੰ ਗੁਰਮਤਿ ਬਿਬੇਕ ਰੂਪੀ ਸਾਰ-ਕਰਨੀ, ਅਰਥਾਤ ਤਤਸਾਰ ਬਿਬੇਕ ਦੇ ਨਾਮ ਨਾਲ ਪ੍ਰਸੇਧਿਆ, ਪਰਮਾਨਿਆ ਅਤੇ ਸਨਮਾਨਿਆ ਜਾਂਦਾ ਹੈ। ਇਸ ਉਪਰਲੇ ਸਾਰੇ ਸਿਧਾਂਤ ਦੀ ਪੁਸ਼ਟੀ (ਪ੍ਰੋੜ੍ਹਤਾ) ਲਈ ਹੇਠ ਲਿਖੇ ਗੁਰ-ਪ੍ਰਮਾਣ ਵੰਨਗੀ ਵਜੋਂ ਦ੍ਰਿਸ਼ਟੀ-ਗੋਚਰ ਕਰਾਏ ਜਾਂਦੇ ਹਨ। ਯਥਾ :—

ਸਤਸੰਗਤ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥

[ਸਿਰੀ ਰਾਗੁ ਮ: ੧, ਪੰਨਾ ੭੨

ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥ ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੬॥

[ਸਿਰੀ ਰਾਗੁ ਮ: ੧, ਪੰਨਾ ੭੨

ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥ ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥੧੩॥੨੦॥

[ਮਾਝ ਮ: ੫, ਪੰਨਾ ੧੦੦

ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥ ਸਭਨਾ ਕਾ ਦਰ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥੧॥

[ਮਾਝ ਮ: ੧, ਪੰਨਾ ੧੦੯

ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥ ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ ॥੭॥੬॥੧੦॥ [ਮਾਝ ਮ: ੩, ਪੰਨਾ ੧੧੫

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥

[ਸੋਰਠਿ ਮ: ੫, ਪੰਨਾ ੬੪੨

ਏਹਨਾਂ ਗੁਰਵਾਕਾਂ ਤੋਂ ਸਾਫ਼ ਸਿਧ ਹੋਇਆ ਕਿ 'ਹੁਕਮਨ ਸਿਰ ਹੁਕਮ' 'ਏਕੋ ਨਾਮ' ਹੈ। ਜਿਨ੍ਹਾਂ ਦੇ ਅੰਦਰ ਸ਼ਬਦ ਵਸਾਇਆ ਹੈ, ਮਾਨੋ ਤਿਨ੍ਹਾਂ ਨੂੰ 'ਸਿਰ ਹੁਕਮਨ ਕੇ ਹੁਕਮ' ਮਨਾਇਆ ਹੈ। ਅਸਲ ਹੁਕਮਨ ਸਿਰ ਹੁਕਮ ਤਿਨ੍ਹਾਂ ਨੇ ਹੀ ਮੰਨਿਆ ਹੈ ਜਿਨ੍ਹਾਂ ਦੇ ਅੰਤਰਿ-ਆਤਮੇ ਸ਼ਬਦ (ਨਾਮ ਗੁਰ-ਮੰਤ੍ਰ) ਬਸਿਆ ਹੈ। ਜਿਨ੍ਹਾਂ ਨੇ ਸਿਫ਼ਤ-ਸਾਲਾਹਣ ਰੂਪ ਸਾਰ ਕਮਾਈ ਕੀਤੀ ਤੇ ਕਰ ਕੇ ਤੋੜ ਨਿਭਾਈ, ਤਿਨ੍ਹਾਂ ਨੇ ਮਾਨੋ 'ਹੁਕਮ ਰਜਾਈ' ਚਲਣ ਦੀ ਗੁਰਮੁਖ ਪਦਵੀ ਪਾਈ। ਗੁਰ-ਸਬਦੁ ਰੂਪੀ ਨਾਮ ਨੀਸਾਣ ਦੁਆਰਾ ਜਿਨ੍ਹਾਂ ਹਰਿ ਗੁਣ, ਹਰਿਜਸ ਵਖਾਣਿਆ ਤਿਨ੍ਹਾਂ ਨੇ ਮਾਨੋ ਸਚਾ



www.AKJ.Org

ਹੁਕਮ ਪਛਾਣਿਆ । **ਇਹ ਸਿਫ਼ਤ ਸਾਲਾਹ ਹਰਿ ਕੀਰਤਨ ਰੂਪੀ ਜਿਹੜੀ ਗੁਰਮਤਿ ਕਰਣੀ ਹੈ, ਇਹੋ ਤਤਸਾਰ ਬਿਬੇਕੁ, ਗੁਰਮਤਿ ਬਿਬੇਕੁ, "ਸਿਰਿ ਕਰਮਨ ਕੈ ਕਰਮਾ" ਰੂਪੀ ਬਿਬੇਕੁ ਹੈ। ਇਹੋ ਤਤ-ਸਾਰ ਗੁਰਮਤਿ ਬਿਬੇਕੁ, ਮੋਖ ਦੁਆਰ ਪ੍ਰਾਪਤ ਕਰਾਵਨਹਾਰ ਹੈ** । ਅਤੇ ਏਸੇ ਸਾਰ ਕੀਰਤ-ਕਰੰਮ ਦੇ ਰੰਗ-ਰਤੇ ਪ੍ਰਾਣੀ ਨੂੰ ਇਹੋ ਗੁਰਮਤਿ ਬਿਬੇਕੁ, 'ਅੰਤਰਿ ਮਹਲਿ' ਬੁਲਾਵਨਹਾਰ' ਹੈ । ਇਹ ਕੀਰਤ-ਕਰੰਮ ਰੂਪੀ ਬਿਬੇਕ, ਇਹ ਸਿਫ਼ਤ-ਸਾਲਾਹਣ ਮਈ ਕਰਣੀ ਰੂਪੀ ਬਿਬੇਕ ਸਭ ਕਰਣੀਆਂ ਕਮਾਈਆਂ ਨਾਲੋਂ ਉਚਾ ਸੁਚਾ ਬਿਬੇਕ ਹੈ ।

ਪ੍ਰੰਤੂ ਇਹ ਬਿਬੇਕ ਹਰ ਇਕ ਸਿਖ ਜਗਿਆਸੂ ਨੂੰ ਇਕ-ਦਮ ਪ੍ਰਾਪਤ ਨਹੀਂ ਹੁੰਦਾ। ਉਹ ਵਿਰਲੇ ਅਤੇ ਵਡਭਾਗੇ ਜਨ ਹਨ, ਜਿਨ੍ਹਾਂ ਨੂੰ ਕਿ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ". (ਰਾਮ: ਮ: ੧, ਪੰਨਾ ੬੪੦) ਗੁਰਵਾਕ ਦੇ ਭਾਵ ਅਨੁਸਾਰ, ਗੁਰੂ ਘਰ ਵਿਚ ਜਨਮ ਲੈਂਦਿਆਂ ਹੀ, ਅਰਥਾਤ ਅੰਮ੍ਰਿਤ ਛਕ-ਦਿਆਂ ਹੀ ਇਕ-ਦਮ ਇਹ ਉਚ ਕਲਾ ਦਾ ਬਿਬੇਕ ਪ੍ਰਾਪਤ ਹੋ ਜਾਂਦਾ ਹੈ। ਓਹਨਾਂ ਦਾ ਪੂਰਬ ਲਿਖੇ ਦਾ ਲਹਿਣਾ ਹੀ ਇਹੋ ਜਿਹਾ ਹੁੰਦਾ ਹੈ ਕਿ ਓਹ ਅੰਮ੍ਰਿਤ ਦੀ ਜਾਗ ਲਗਣ ਸਾਰ ਹੀ ਨਾਮ ਮਹਾਂ ਰਸ ਦੀ ਚਮਤਕਾਰੀ ਕਿਰਤ ਕਰੰਮੀ ਰੰਗਾਂ ਵਾਲੀ ਬਿਬੇਕ-ਕਲਾ ਵਿਚ ਖੇਡਣ ਲਗ ਜਾਂਦੇ ਹਨ। ਪ੍ਰੰਤੂ ਓਹਨਾਂ ਲਈ ਭੀ ਓਹ ਸਮੁਚੇ ਹੁਕਮ ਪਾਲਣੇ ਅਤੀ ਜ਼ਰੂਰੀ ਹੁੰਦੇ ਹਨ ਜੋ ਕਿ ਅੰਮ੍ਰਿਤ ਦੇ ਸਮੇਂ ਦ੍ਰਿੜ੍ਹਾਏ ਜਾਂਦੇ ਹਨ, ਤੇ ਜਿਨ੍ਹਾਂ ਦੇ ਕਮਾਵਣ ਦੀ ਆਗਿਆ ਸਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਂਤ ਭਾਂਤ ਦੇ ਗੁਰਵਾਕਾਂ ਦੁਆਰਾ ਦਿੰਦੇ ਹਨ। ਦੂਜੇ ਪਦਾਂ ਵਿਚ ਇਉਂ ਕਹੋ ਕਿ ਸੁਤੇ ਸੁਭਾ ਹੀ ਓਹਨਾਂ ਤੋਂ ਓਹ ਹੀ ਕਰਮ ਹੁੰਦੇ ਹਨ ਜੋ ਗੁਰੂ ਕੀ ਆਗਿਆ ਅਨੁਸਾਰ ਹੋਣ। ਗੁਰੂ ਆਗਿਆ ਦਾ ਪਾਲਣਾ ਅਥਵਾ ਗੁਰਮਤਿ-ਹੁਕਮ ਦੀ ਅਨੁਸਾਰਤਾ ਉਹਨਾਂ ਦੀ ਇਕ ਸਹਿਜ ਸੁਭਾਵੀ ਖੇਡ ਹੁੰਦੀ ਹੈ। ਉਕਤ ਆਤਮ-ਤਰੰਗੀ ਬਿਬੇਕੀ ਜਨਾਂ ਦੀ ਰਹਿਣੀ ਬਹਿਣੀ ਵਰਤੋਂ ਵਿਉਹਾਰੀ ਕਰਣੀ ਦੇ ਸਾਰੇ ਰੰਗ ਢੰਗ ਹੁਕਮੀ ਬੰਦੇ-ਗੁਰਮੁਖਾਂ ਵਾਲੇ ਆਗਿਆ-ਅਧੀਨੀ ਚੋਜ ਹਨ।

ਪਾਰ ਪਹੁੰਚੇ ਬਿਬੇਕੀ ਜਨਾਂ ਲਈ ਉਗਰ ਦਸ਼ਾ ਦੀ ਸਿਖ ਜਗਿਆਸਾ ਦੇ ਹੁਕਮੀ ਕਰਮ ਕਮਾ-ਉਣੇ ਸੁਖੈਨ ਹੀ ਹੈਨ। ਪ੍ਰੰਤੂ ਆਮ ਸਿਖ ਜਗਿਆਸੂਆਂ ਨੂੰ, ਜਿਨ੍ਹਾਂ ਦੀ ਪਹੁੰਚ ਇਕ-ਦਮ ਸਿਫ਼ਤ ਸਾਲਾਹ ਦੀ ਉਚ ਬਿਵਸਥਾ ਤੀਕ ਹੋਣੀ ਅਸੰਭਵ ਹੈ, ਤਿਨ੍ਹਾਂ ਨੂੰ ਇਸ ਸਿਫ਼ਤ-ਸਾਲਾਹ ਵਾਲੀ ਰਸਕ ਦਸ਼ਾ ਦੀ ਪ੍ਰਾਪਤੀ ਲਈ ਗੁਰ-ਫ਼ੁਰਮਾਏ, ਗੁਰਮਤਿ-ਦ੍ਰਿੜ੍ਹਾਏ ਸਮਗਰ ਕਰਮਾਂ ਦਾ ਕਰਨਾ, ਅਰਥਾਤ ਹਰ ਪ੍ਰਕਾਰ ਗੁਰਮਤਿ ਰਹਿਣੀ ਰਹਿਣਾ ਖ਼ਾਸ ਤੌਰ ਤੇ ਅਤੀ ਜ਼ਰੂਰੀ ਹੈ। ਪ੍ਰੰਤੂ ਓਹਨਾਂ ਨੇ ਭੀ ਓਸੇ "ਸਿਰਿ ਕਰਮਨ ਕੈ ਕਰਮਾ" ਅਥਵਾ 'ਸਿਰ ਹੁਕਮਨ ਦੇ ਹੁਕਮ' ਨੂੰ ਮੁਖ ਆਦਰਸ਼ ਰੱਖਣਾ ਹੈ। ਸਿਫ਼ਤ-ਸਾਲਾਹ ਰੂਪੀ ਸਾਰ-ਕਰਣੀ ਦੇ ਸੰਗ ਸਾਥ ਕਰਨ ਜੋਗ ਸਰਬ ਸਾਧਨ ਸੰਪੰਨ ਕਰਮ ਕਰਨੇ, ਜਿਨ੍ਹਾਂ ਦੇ ਕਰਨ ਦੀ ਕਿ ਗੁਰਮਤਿ ਅਨੁਸਾਰ ਆਗਿਆ ਹੈ, ਇਹ ਭੀ ਗੁਰਮਤਿ ਬਿਬੇਕ ਹੈ। ਜਿਸ ਨੂੰ ਪਾਲਨਾ ਜਾਂ ਜਿਸ ਦਾ ਧਾਰਨ ਕਰਨਾ, ਸਮਾਨ ਅਤੇ ਉਚ ਅਵਸਥਾ ਦੇ ਬਿਬੇਕੀ ਮਾਤ੍ਰ ਲਈ ਅਵੱਸ਼ ਜ਼ਰੂਰੀ ਹੈ। ਪੂਰਨ ਬਿਬੇਕੀ ਜਨ ਤੋਂ ਅਵੱਸ਼ਮੇਵ ਹੀ ਓਹੀ ਸੁਕਰਮ-ਕਰਮ ਹੋਣਗੇ ਜੋ ਗੁਰਮਤਿ ਅਨਕੂਲ ਹਨ। ਗੁਰਮਤਿ ਪ੍ਰਤਿਕੂਲ ਯਾ ਗੁਰਮਤਿ ਬਿਬਰਜਤ ਕਰਮ ਪੂਰਨ ਬਿਬੇਕੀ ਜਨ ਤੋਂ ਹੋਣੇ ਅਨੁਚਿਤ ਹਨ।

ਸਾਰ-ਕਰਣੀ ਦੇ ਸਾਧਨ-ਸੰਪੰਨ-ਕਰਮ ਕਮਾਂ-ਉਂਦੇ ਹੋਏ ਇਸ ਗੱਲ ਦਾ ਪੂਰਨ ਅਤੇ ਪੱਕਾ ਖ਼ਿਆਲ ਖਿਨ ਖਿਨ ਮਾਤ੍ਰ ਰਖਣਾ ਬਿਬੇਕੀ ਜਨ ਨੂੰ ਲੋੜੀਦਾ ਹੈ ਕਿ ਕਿਤੇ ਉਕਤ ਸਾਧਨ ਸੰਪੰਨ ਕਰਮਾਂ ਵਿਚ ਅਟਕ ਕੇ ਹੀ ਨਾ ਉਰਝ ਜਾਵੇ। ਅਤੇ ਮੁਖ ਮੰਤਵੀ ਸਾਰ-ਕਰਨੀ ਨੂੰ ਨਾ ਵਿਸਾਰ ਬੈਠੇ, ਅਤੇ ਪਾਰ ਕਰਣੀ ਦੇ ਸਾਰ ਕਰੰਮ ਤੋਂ ਬੇਮੁਖ ਹੋ ਕੇ ਉਗਰ ਕਰਮਾਂ ਵਿਚੋਂ ਕਿਸੇ ਇਕ ਅਧਿਕ ਕਰਮ ਨੂੰ ਹੀ ਮੁਖ ਕਰਮ ਨਾ ਮੰਨ ਬੈਠੇ। ਮੁਖ ਮੰਤਵ ਹੈ, ਸਾਡਾ ਨਾਮ ਦੁਆਰਾ ਨਾਮੀ ਅਕਾਲਪੁਰਖ ਦੀ ਪ੍ਰਾਪਤੀ। 'ਨਾਮੀ' ਦੀ ਪ੍ਰਾਪਤੀ ਕਰਾਵਨਹਾਰਾ ਨਾਮ ਸਾਡਾ ਮੁਖ ਕਰਮ ਹੈ। ਜਿਤਨੇ

[ਬਾਕੀ ਸਫ਼ਾ ਅੱਠ ਦੇ ਦਰਮਿਆਨ]



www.AKJ.Org

# ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ

[ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ ॥
ਸੁਣਿ ਬਾਵਰੇ ਥੀਉ ਰੇਣੁ ਜਿਨੀ ਪ੍ਰਭੁ ਧਿਆਇਆ ॥ (੭੭੭)

ਗੁਰਸਿਖਾਂ ਨੂੰ ਸਦਾ ਨਿਰਮਾਣ ਰਹਿਣਾ ਸਤਿਗੁਰੂ ਨੇ ਸਿਖਾਇਆ ਹੈ। ਇਸ ਪਰਮਾਰਥੀ ਮਾਣ ਸੂਖਮ ਹੰਕਾਰ ਤੋਂ ਸਦਾ ਬਚੇ ਰਹਿਣ ਤੋਂ ਹੀ ਸਾਵਧਾਨ ਕੀਤਾ ਹੈ ਕਿ ਮੈਂ ਪਰਮਾਰਥ ਅਤੇ ਪਰਮਾਤਮ ਗਿਆਨ ਸਬੰਧੀ ਸਭ ਕੁਛ ਜਾਣ ਲਿਆ ਹੈ। ਜਿਨ੍ਹਾਂ ਨੇ ਐਸਾ ਗਿਆਨ ਕੀਤਾ ਹੈ, ਓਹਨਾਂ ਅਭਾਗਿਆਂ ਦੀ ਖੜਦੀ ਕਲਾ ਹੋ ਗਈ ਹੈ। ਓਹਨਾਂ ਦੀ ਹਾਲਤ ਬੜੀ ਹੀ ਤਰਸ ਯੋਗ ਹੋ ਜਾਂਦੀ ਹੈ। ਓਹ ਸਤਸੰਗਤ ਵਿਚ ਵੀ ਜਾਣੋਂ ਰਹਿ ਖੜੋਂਦੇ ਹਨ। ਐਸੇ ਆਕੀ ਹੋ ਜਾਂਦੇ ਹਨ ਕਿ ਕਹਿੰਦੇ ਹਨ, ਸਾਨੂੰ ਸੰਗਤ ਕਰਨ ਦੀ ਲੋੜ ਹੀ ਨਹੀਂ ਰਹੀ।

ਸਭ ਤੋਂ ਭੈੜਪੁਣਾ ਇਹ ਵਾਪਰ ਜਾਂਦਾ ਹੈ ਕਿ ਨਾਮ ਅਭਿਆਸ ਕਰਨੋਂ ਭੀ ਉਚਾਟ ਹੋ ਜਾਂਦੇ ਹਨ। ਗੁਰਮਤਿ ਦੇ ਉਚ ਪਦ ਤੋਂ ਗੁਮਰਾਹ ਹੋ ਕੇ ਓਹਨਾਂ ਨੂੰ ਇਹ ਬੀਮਾਰੀ ਚਿੰਬੜ ਜਾਂਦੀ ਹੈ ਕਿ ਉਹ ਖਰੜ ਗਿਆਨੀ ਹੋ ਜਾਂਦੇ ਹਨ। ਗੁਰਬਾਣੀ ਦੀਆਂ ਤੁਕਾਂ ਦਾ ਹੀ ਉਲਟਾ ਅਰਥ ਕਰਨ ਲਗ ਜਾਂਦੇ ਹਨ। ਨਾਮ ਦੇ ਅਭਿਆਸ ਨੂੰ ਓਹ ਆਮ ਆਨਮਤੀਆਂ ਵਾਲਾ ਕਰਮ ਅਭਿਆਸ ਕੁਸਮਝਣ ਲਗ ਪੈਂਦੇ ਹਨ ਤੇ ਇਹ ਤੁਕ ਅਗੇ ਡਾਹ ਕੇ ਕਹਿੰਦੇ ਹਨ ਕਿ—

ਗਿਆਨੇ ਕਾਰਣ ਕਰਮ ਅਭਿਆਸ ॥
ਗਿਆਨ ਭਇਆ ਤਉ ਕਰਮਹ ਨਾਸ ॥

ਏਹਨਾਂ ਦੋਹਾਂ ਪੰਗਤੀਆਂ ਦੀ ਵਿਸਥਾਰ ਸਹਿਤ ਵਿਆਖਿਆ ਤਾਂ ਅਸੀਂ ਅਗੇ ਚਲ ਕੇ ਕਰਾਂਗੇ, ਪ੍ਰੰਤੂ ਤਤ-ਭਾਵ-ਦਰਸ਼ਨੀ ਟੂਕ ਦਰਸਾਉਣੀ ਏਥੇ ਭੀ ਪਰਮ ਜ਼ਰੂਰੀ ਹੈ—

ਨਾਮ ਅਭਿਆਸ ਕੋਈ ਆਨਮਤੀ ਕਰਮਾਂ ਜਿਹਾ ਅਭਿਆਸ ਨਹੀਂ। ਨਾਮ ਤਾਂ ਆਪਣੇ ਅਸਲੀ ਗੁਰਮਤਿ ਲੁਗ਼ਾਤੀ ਮਾਅਨਿਆਂ ਵਿਚ ਤੱਤ ਗਿਆਨ ਹੈ। ਕਰਮ ਨਹੀਂ, ਜਿਸ ਨੂੰ ਅਸੀਂ ਛਡ ਬਹਿਣਾ ਹੈ। ਇਹ ਤਾਂ ਗਿਆਨ, ਤਤ ਗਿਆਨ, ਕਲਾ-ਸੰਜੁਗਤੀਆ ਕਰਮ ਹੈ, ਜਿਸ ਨੂੰ ਕਿ ਗੁਰਮਤਿ ਗਿਆਨੀਆਂ ਭਗਤਾਂ ਨੇ ਤੋੜ ਸਚਖੰਡ ਵਾਸ ਤਾਈਂ ਭੀ ਕਰਨੋਂ ਨਹੀਂ ਹਟਣਾ। ਉਸ ਦੇ ਮਹਾਂ ਅਭਾਗ ਹਨ ਜਿਸ ਨੇ ਇਹ ਕੁਸਮਝ ਆਪਣੇ ਮਨ ਵਿਚ ਵਸਾ ਲਈ ਹੈ।

ਗੁਰਮੁਖ ਗੁਰਸਿਖ ਨੇ ਤਾਂ ਤਦੋਂ ਤਾਈਂ, ਨਿਬਹੇ ਓੜ ਵਾਲੀ ਬਿਵਸਥਾ ਵਿਚ ਭੀ ਨਾਮ ਨੂੰ ਧਿਆਈ ਜਾਣਾ ਹੈ। ਇਸ ਵਿਚ ਸੰਦੇਹ ਨਹੀਂ ਕਿ ਜਿਉਂ ਜਿਉਂ ਉਹ ਨਾਮ ਧਿਆਏਗਾ ਤਿਉਂ ਤਿਉਂ ਉਸ ਦੀ ਅਨਤ ਤਰੰਗਾਂ ਵਿਚ ਨਾਮ-ਧਿਆਵਣੀ ਆਤਮ ਅਵਸਥਾ, ਧਿਆਵਣ-ਆਤਮ ਅਵਸਥਾ ਉਚੀ ਤੋਂ ਉਚੀ, ਅਜਬ ਰੰਗਾਂ ਵਾਲੀ, ਬਿਸਮ ਤਰੰਗਾਂ ਵਾਲੀ ਹੁੰਦੀ ਜਾਏਗੀ, ਪਰ ਉਹ ਨਾਮ ਧਿਆਵਣੋਂ ਕਦੇ ਨਹੀਂ ਹਟੇਗਾ। ਨਾਮ ਧਿਆਵਣ ਦਾ ਸੁਆਦ, ਅਸਲ ਸੁਆਦ, ਬਿਸਮਾਦੀ ਸੁਆਦ ਹੀ ਅਗੇ ਜਾ ਕੇ, ਉਚੇ ਚੜ੍ਹ ਕੇ ਆਏਗਾ। ਜਿਉਂ ਜਿਉਂ ਉਹ ਉਚੇ ਤੋਂ ਉਚੇ ਆਤਮ-ਰੰਗਾਂ ਵਿਚ ਅਰੂੜ ਹੁੰਦਾ ਜਾਵੇਗਾ ਤਿਉਂ ਤਿਉਂ ਉਸ ਦੀ ਨਾਮ ਅਭਿਆਸ ਤਰੰਗਾਂ ਵਾਲੀ ਅਵਸਥਾ ਭੀ ਉਚੀ ਹੁੰਦੀ ਜਾਵੇਗੀ। ਆਤਮ ਪਰਮਾਤਮ ਸੰਗਮੀ ਮਿਲਾਪ ਦਰਸ਼ਨ ਮੇਲਿਆਂ ਸਨਮੁਖੀ ਪਰਮਾਤਮ ਦਰਸ਼ਨ, ਦਰਸ਼ਨ ਕਰਨਹਾਰੇ ਗੁਰਮੁਖ ਦੀ ਨਾਮ ਅਭਿਆਸ ਦੇ ਰਸ ਨੂੰ ਹੋਰ ਭੀ ਚਾਰ ਚੰਦ ਲਾਵੇਗਾ। ਜਿਉਂ ਜਿਉਂ ਸਨਮੁਖ ਦਰਸ਼ਨਾਂ ਦੇ ਆਨੰਦ ਮਾਣੇਗਾ ਤਿਉਂ ਤਿਉਂ ਉਸ ਦੇ ਨਾਮ ਅਭਿਆਸ ਖੇੜੇ ਵਿਚ ਅਨੂਪਮ ਤੋਂ ਅਨੂਪਮ ਰੰਗ ਰਸ ਖਿੜੇਗਾ।

ਜਿਥੇ ਅਗਮ ਅਗਾਹੁ ਪਾਰਬ੍ਰਹਮ ਵਾਹਿਗੁਰੂ ਅਕਾਲ ਪੁਰਖ ਨਾਮੀ ਦੇ ਪਰੇ ਤੋਂ ਪਰੇ ਦਰਸ਼ਨਾਂ ਦੀ ਥਾਹ ਨਹੀਂ ਤਿਥੇ 'ਨਾਮੀ' ਅਕਾਲ ਪੁਰਖ ਦੇ ਨਾਮ ਦੀ ਭੀ ਗਹਿਣ-ਗਤਿ ਕੋਈ ਨਹੀਂ। ਨਾ ਹੀ ਨਾਮ ਦੇ



www.AKJ.Org

ਅਭਿਆਸ ਦਾ ਪਾਰਾਵਾਰ ਹੈ । ਨਾਮ ਅਭਿਆਸ ਗੁਰਮੁਖ ਜਨ ਦੀ ਜਾਨ, ਰੂਹੋ ਰਵਾਨ ਹੈ ਅਤੇ ਹਰਿ ਜਨ ਇਕ ਦੂੰ ਇਕ ਚੜ੍ਹੰਦੀਆਂ ਆਤਮ ਬਿਵਸਥਾਂ ਵਿਖੇ ਹੋਰ ਤੋਂ ਹੋਰ ਵਧ ਕਲਿਆਨਕਾਰੀ ਨੀਸ਼ਾਨ ਹੈ । ਤਾਂ ਹੀ ਤੇ ਗੁਰਬਾਣੀ ਅੰਦਰ ਨਾਮ ਧਿਆਵਣਾ ਗੁਰਮੁਖਾਂ ਦਾ ਕਦੇ ਹਟਕਦਾ ਨਹੀਂ, ਨਾਮ ਨਾਮੀ ਅਭੇਦਤਾ ਦੇ ਸਾਪੇਖਸ਼ ਗਿਆਨ ਵਿਖੇ ਭੀ ਨਹੀਂ ਹਟਕਦਾ । ਜਿਸ ਨਾਮ ਦੇ ਮਨ ਵਸਣ ਕਰਕੇ ਨਾਮੀ-ਨਿਰੰਕਾਰ ਦਾ ਮੇਲ-ਮਿਲਾਪ ਹੁੰਦਾ ਹੈ ਉਸ ਨੂੰ ਕਦੇ ਛਡਿਆ ਜਾ ਸਕਦਾ ਹੈ ? ਮਿਲਾਪ ਤਾਂ ਕਿਰਪਾ, ਨਦਰ, ਮਿਹਰ ਦਾ ਪਰਤਾਪ ਹੈ । ਵਾਹਿਗੁਰੂ ਜਪ, ਹੁਕਮੀ—ਵਾਹਿਗੁਰੂ ਦੀ ਹੁਕਮ-ਰਜ਼ਾ ਹੈ; ਤੋੜ ਤਾਈਂ, ਤੋੜ ਪੁਜੇ ਤਾਈਂ ਭੀ ਛਡਣ ਦਾ ਹੁਕਮ ਨਹੀਂ । ਛਡ ਬੈਠਾ ਤਾਂ ਰਹਿ ਖੜੋਤਾ ।

ਇਹ ਹੈ ਗੁਰਮਤਿ ਮਤਿ ਸਤਿਗੁਰੂ ਦੀ, ਜੋ ਗੁਰੂ ਸਾਹਿਬ ਨੇ ਗੁਰਬਾਣੀ ਦੁਆਰਾ ਸਿਖਾਂ ਪ੍ਰਤੀ ਦ੍ਰਿੜ੍ਹਾਈ ਬੁਝਾਈ ਹੈ। ਗੁਰਬਾਣੀ ਸਰੂਪੇ ਸਤਿਗੁਰੂ, ਗੁਰਬਾਣੀ ਨਿਧੇ ਸਤਿਗੁਰੂ ਦੀ ਸਤਿਸੰਗਤ ਅਤੇ ਸਤਿਸੰਗੀਆਂ ਦਾ ਦਰਸ਼ਨ-ਮਿਲਾਪ ਤਿਨ੍ਹਾਂ ਨੂੰ ਹੀ ਹੁੰਦਾ ਹੈ ਜਿਨ੍ਹਾਂ ਦੇ ਪੂਰਬ ਜਨੰਮ-ਕਰੰਮੀ ਪੋਤੇ ਕਰਮ ਨਛਤ੍ਰ ਵਿਚ ਲਿਖਿਆ ਹੁੰਦਾ ਹੈ । ਯਥਾ ਗੁਰਵਾਕ :—

> ਤ੍ਰੈਗੁਣ ਮਾਇਆ ਮੋਹੁ ਹੈ, ਗੁਰਮੁਖਿ ਚਉਥਾ ਪਦੁ ਪਾਇ ॥ ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥ ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥ ੧॥੧੧॥੪੪॥ [ਸਿਰੀ ਰਾਗ ਮਹਲਾ ੩—੩੦

[ਪੁਸਤਕ 'ਗੁਰਮਤਿ ਕਰਮ ਫਿਲਾਸਫ਼ੀ' ਵਿਚੋਂ

---

] ਸਫ਼ਾ ੬ ਦੀ ਬਾਕੀ ]

ਵੀ ਹੋਰ ਕਰਮ ਗੁਰਬਾਣੀ ਅਥਵਾ ਗੁਰਮਤਿ ਦੁਆਰਾ ਸਾਨੂੰ ਦ੍ਰਿੜ੍ਹਾਏ ਗਏ ਹਨ ਜਾਂ ਦ੍ਰਿੜ੍ਹਾਏ ਜਾਂਦੇ ਹਨ, ਏਸੇ ਸਿਫ਼ਤ ਸਾਲਾਹ ਦੀ ਸਾਧਨਾ ਲਈ ਸਹਾਇਕ ਕਰਮ ਹਨ। ਪ੍ਰੰਤੂ ਜੇ ਸਿਫ਼ਤ ਸਾਲਾਹ ਤੋਂ ਬੇਮੁਖ ਹੋ ਕੇ ਜਾਂ ਸਿਫ਼ਤ ਸਾਲਾਹ ਨੂੰ ਸਰਸਰੀ ਸਮਝ ਕੇ, ਕੇਵਲ ਏਹਨਾਂ ਸਾਧਨ-ਸੰਪੰਨ-ਸਹਾਇਕ ਕਰਮਾਂ ਵਿਚ ਖੱਚਤ ਹੋ ਜਾਈਏ ਅਤੇ ਏਹਨਾਂ ਨੂੰ ਹੀ ਮੁਖ ਮੰਤਵੀ ਕਰਮ ਸਮਝਣ ਲਗ ਪਈਏ ਤਾਂ ਇਹ ਸਾਡੀ ਬਿਬੇਕ ਬਿਵ-ਸਥਾ ਦੀ ਅਧੋਗਤੀ ਦੇ ਲਛਣ ਹੋਣਗੇ । ਉੱਚ ਬਿਬੇਕ ਦੇ ਖੋਜੀ ਲਈ ਆਪਣੇ ਮੁਖ ਮੰਤਵ ਤੋਂ ਬੇਮੁਖ ਹੋ ਜਾਣਾ ਗੁਰਮਤਿ ਮਾਰਗ ਦੇ ਅਸਲੀ ਸਿਧਾਂਤ ਤੋਂ ਪਰੇਡੇ ਜਾ ਪੈਣਾ ਹੈ । ਪ੍ਰੰਤੂ ਜਿਨ੍ਹਾਂ ਗੁਰਮਤਿ ਦ੍ਰਿੜ੍ਹਾਏ ਸੁਕਰਮ-ਕਰਮਾਂ ਦੇ ਕਰਨ ਕਰਕੇ ਬਿਬੇਕੀ ਜਨ ਆਪਣੇ ਉਚ ਬਿਬੇਕ ਦੇ ਸੁਹਾਗ ਭਾਗ ਨੂੰ ਪ੍ਰਾਪਤ ਹੋਇਆ ਹੈ, ਜੇ ਉਕਤ ਗੁਰਮਤਿ ਅਨਕੂਲ ਸੁਕਰਮ-ਕਰਮਾਂ ਦਾ, ਅਰਥਾਤ ਗੁਰੂ ਦ੍ਰਿੜ੍ਹਾਈ ਰਹਿਤ-ਰਹਿਣੀ ਵਾਲੇ ਬਿਬੇਕ ਧਾਰਨਾਂ ਦਾ ਉਹ ਪਰੀ-ਤਿਆਗ ਕਰ ਦੇਵੇ ਤਾਂ ਇਹ ਕੇਵਲ ਉਸ ਦੀ ਅਕ੍ਰਿਤਘਣਤਾ ਅਤੇ ਬਿਬੇਕ-ਊਣਤਾ ਹੈ, ਕਿੰਤੂ ਦੂਤੀ ਗੁਰਮਤਿ-ਪੈਰੋਕਾਰ ਜਗਿਆਸੂਆਂ ਨੂੰ ਗੁਮਰਾਹ ਕਰਨ ਦਾ ਕੁਚੱਜ ਹੈ ।

[ਪੁਸਤਕ 'ਗੁਰਮਤਿ ਬਿਬੇਕ' ਵਿਚੋਂ

---


# ਪਿੰਡ ਭੂੰਗਰਨੀ ਜ਼ਿਲਾ ਹੁਸ਼ਿਆਰਪੁਰ ਵਿਖੇ ਕੀਰਤਨ ਰੈਣ ਸਬਾਈ

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਦਿਵਸ ਦੀ ਯਾਦ ਮਨਾਂਦੇ ਹੋਏ ਭੂੰਗਰਨੀ ਪਿੰਡ ਵਿਖੇ ਹਮੇਸ਼ਾ ਵਾਂਗ ਸਾਲਾਨਾ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ । ੧੨ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨ ਜਥਿਆਂ ਵਲੋਂ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਮਾਈ ਭਾਈ ਹੁਮ ਹੁਮਾਂ ਕੇ ਪੁਜੋ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ।

ਨੋਟ :—ਪਿੰਡ ਭੂੰਗਰਨੀ ਹੁਸ਼ਿਆਰਪੁਰ ਫਗਵਾੜਾ ਰੋਡ ਤੇ ਮੇਹਟੀਆਣਾ ਅੱਡਾ ਤੋਂ ਡੇਢ ਕੁ ਮੀਲ ਹੈ ।

**ਪ੍ਰਾਰਥਕ ਦਾਸਰੇ:—ਸੁਖਮਨੀ ਸੇਵਾ ਸੁਸਾਇਟੀ, ਭੂੰਗਰਨੀ ਜ਼ਿਲਾ ਹੁਸ਼ਿਆਰਪੁਰ**




www.AKJ.Org

# ਜਾਪੁ ਸਾਹਿਬ—ਕਾਵਿ ਅਨੁਵਾਦ

[ਵਲੋਂ:—ਜੇ. ਪੀ. ਸੰਗਤ ਸਿੰਘ ਜੀ, 75/9, ਬੰਬਈ–82]

## *ਅਨੇਕ ਹੈਂ ਫਿਰ ਏਕ ਹੈਂ (ਪਿਛੇ ਤੋਂ ਅਗੇ)*

### ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥

**ਭਾਵਾਰਥ–(ਪਉੜੀ ੨੯ ਤੋਂ ੪੩)–**

ਪ੍ਰਭੂ ਦਾ ਸਹੀ ਰੂਪ ਨਹੀਂ ਲਭਿਆ ਜਾ ਸਕਦਾ। ਉਹ ਸਭ ਦਾ ਹੀ ਸਾਥੀ ਹੈ। ਉਹ ਇਕੋ ਇਕ ਹੁੰਦਾ ਹੋਇਆ ਵੀ ਅਨੇਕ ਹੈ ਅਤੇ ਅਨੇਕ ਹੁੰਦੇ ਹੋਏ ਵੀ ਇਕੋ ਹੀ ਹੈ।

**ਮੂਲ ਪਾਠ—ਅਰੂਪ ਹੈਂ ॥ ਅਨੂਪ ਹੈਂ ॥ ਅਜੂ ਹੈਂ ॥ ਅਭੂ ਹੈਂ ॥੨੯॥**

**ਸ਼ਬਦਾਰਥ**—ਅਰੂਪ=ਅ+ਰੂਪ=ਰੂਪ ਅਥਵਾ ਸ਼ਕਲ ਰਹਿਤ। ਅਨੂਪ=ਉਪਮਾ ਰਹਿਤ, ਲਾਸਾਨੀ। ਅਜੂ=ਅ+ਜੂ। ਜੂ=ਹਿਲਣ ਜੁਲਣ ਵਾਲਾ। ਅਜੂ=ਨਾ ਹਿਲਣ ਵਾਲਾ। ਅਭੂ=ਅ+ਭੂ। ਭੂ=ਪੈਦਾ ਹੋਣ ਵਾਲਾ। ਅਭੂ=ਨਾ ਪੈਦਾ ਹੋਣ ਵਾਲਾ।

**ਭਾਵਾਰਥ**—ਪ੍ਰਭੂ ਤੇਰਾ ਕੋਈ ਰੂਪ ਨਹੀਂ, ਤੇਰਾ ਕੋਈ ਸਾਨੀ ਨਹੀਂ ਹੈ, ਅਡੋਲ ਤੇ ਅਚਲ ਹੈਂ ਅਤੇ ਜਨਮ ਵਿਚ ਨਹੀਂ ਆਉਂਦਾ (ਨਮਸਕਾਰ ਕਰਦਾ ਹਾਂ)।

**ਕਾਵਿ ਭਾਵਾਰਥ :—**

ਹੇ ਅਰੂਪ ਪ੍ਰੀਤਮ! ਨਹੀਂ ਕੋਈ ਰੂਪ ਤੇਰਾ, ਹੈਂ ਅਨੂਪ, ਉਪਮਾ ਹੋ ਨ ਸਕੇ ਤੇਰੀ।
ਹੇ ਅਜੂ, ਤੂੰ ਸਦਾ ਸਥਿਰ ਪ੍ਰੀਤਮ, ਹੈਂ ਅਭੂ, ਹਸਤੀ ਜਨਮ ਮੁਕਤ ਤੇਰੀ।

**ਮੂਲ ਪਾਠ—ਅਲੇਖ ਹੈਂ ॥ ਅਭੇਖ ਹੈਂ ॥ ਅਨਾਮ ਹੈਂ ॥ ਅਕਾਮ ਹੈਂ ॥੩੦॥**

**ਸ਼ਬਦਾਰਥ**—ਅਲੇਖ=ਅ+ਲੇਖ=ਮਨੁੱਖੀ ਸੋਚ ਤੋਂ ਉਪਰ। ਅਭੇਖ=ਜਿਸਦਾ ਕੋਈ ਭੇਸ, ਪਹਿਰਾਵਾ ਨਹੀਂ ਹੈ। ਅਨਾਮ=ਜਿਸ ਦਾ ਕੋਈ ਖਾਸ ਨਾਮ ਨਹੀਂ। ਅਕਾਮ=ਅ+ਕਾਮ=ਜਿਸ ਨੂੰ ਕਾਮ ਵਾਸ਼ਨਾ ਪੋਹ ਨ ਸਕਦੀ ਹੋਵੇ।

**ਭਾਵਾਰਥ**—ਪ੍ਰਭੂ ਜੀ ਤੂੰ ਲੇਖੇ ਰਹਿਤ, ਭੇਖ ਰਹਿਤ, ਨਾਮ ਰਹਿਤ ਅਤੇ ਕਾਮ ਵਾਸ਼ਨਾ ਤੋਂ ਮੁਕਤ ਹੈਂ।

**ਕਾਵਿ ਭਾਵਾਰਥ :—**

ਹੇ ਅਲੇਖ ! ਤੇਰਾ ਹੋ ਨ ਸਕੇ ਲੇਖਾ, ਹੈਂ ਅਭੇਖ, ਤੇਰਾ ਕੋਈ ਭੇਸ ਨਹੀਂ ਹੈ।
ਹੇ ਅਨਾਮ, ਤੇਰਾ ਕੋਈ ਨਾਂ ਹੀ ਨਹੀਂ, ਕਾਮ ਵਾਸ਼ਨਾ ਦੀ ਤੈਨੂੰ ਲੇਸ ਨਹੀਂ ਹੈ।

**ਮੂਲ ਪਾਠ—ਅਧੇ ਹੈਂ ॥ ਅਭੇ ਹੈਂ ॥ ਅਜੀਤ ਹੈਂ ॥ ਅਭੀਤ ਹੈ ॥੩੧॥**

**ਸ਼ਬਦਾਰਥ**—ਅਧੇ=ਅਧੇਯ, ਅ+ਧੇਯ। ਧੇਯ=ਸੋਚਣੀ ਵਿਚ ਲਿਆਂਦਾ ਜਾ ਸਕਣ ਵਾਲਾ। ਅਧੇ= ਜਿਹੜਾ ਸੋਚ ਤੋਂ ਪਰੇ ਹੋਵੇ। ਅਭੇ=ਜਿਸ ਦਾ ਕੋਈ ਭੇਦ ਨ ਲਭ ਸਕਦਾ ਹੋਵੇ। ਅਜੀਤ=ਜੋ ਜਿਤਿਆ ਨਾ ਜਾ ਸਕੇ। ਅਭੀਤ=ਡਰ ਭਉ ਰਹਿਤ।

**ਭਾਵਾਰਥ**—ਪ੍ਰਭੂ ਜੀ, ਤੂੰ ਮਨੁੱਖੀ ਸੋਚਣੀ ਦੀ ਵਲਗਣ ਤੋਂ ਬਾਹਰ ਹੈਂ, ਤੇਰਾ ਕੋਈ ਭੇਦ ਨਹੀਂ ਪਾ ਸਕਦਾ। ਤੂੰ ਜਿਤਿਆ ਨਹੀਂ ਜਾ ਸਕਦਾ। ਤੈਨੂੰ ਕਿਸੇ ਦਾ ਕੋਈ ਡਰ ਭਉ ਨਹੀਂ ਹੈ।

**ਕਾਵਿ ਭਾਵਾਰਥ :—**

ਤੂੰ ਮਨੁਖ ਦੀ ਸੋਚ ਤੋਂ ਉਚ ਸੁਆਮੀ, ਤੇਰਾ ਭੇਦ ਨ ਕੋਈ ਵੀ ਪਾ ਸਕਦਾ।
ਹੈਂ ਅਭੀਤ, ਨ ਕਿਸੇ ਦਾ ਭੈ ਤੈਨੂੰ, ਤੈਨੂੰ ਜਿਤ ਨਾ ਕੋਈ ਹਰਾ ਸਕਦਾ।



www.AKJ.Org

**ਮੂਲ ਪਾਠ–ਤ੍ਰਿਮਾਨ ਹੈਂ ॥ ਨਿਧਾਨ ਹੈਂ ॥ ਤ੍ਰਿਬਰਗ ਹੈਂ ॥ ਅਸਰਗ ਹੈਂ ॥੩੨॥**

**ਸ਼ਬਦਾਰਥ**–ਤ੍ਰਿਮਾਨ=ਤ੍ਰਿ ਮਾਨ । ਤ੍ਰਿ=ਤਿੰਨਾਂ ਲੋਕਾਂ ਵਿਚ । ਮਾਨ=ਆਦਰ । ਨਿਧਾਨ=ਖ਼ਜ਼ਾਨਾ । ਤ੍ਰਿਬਰਗ=ਤਿੰਨਾਂ ਮਨੋਰਥਾਂ ਦਾ ਦੇਣ ਵਾਲਾ । ਅਸਰਗ=ਅ+ਸਰਗ । ਸਰਗ=ਪੈਦਾ ਹੋਣ ਵਾਲਾ । ਅਸਰਗ=ਪੈਦਾ ਨ ਹੋਣ ਵਾਲਾ ।

**ਭਾਵਾਰਥ**–ਤਿੰਨਾਂ ਹੀ ਲੋਕਾਂ ਵਿਚ ਤੇਰਾ ਆਦਰ ਮਾਣ ਹੈ, ਤੂੰ ਸਰਬ ਗੁਣਾਂ ਦਾ ਭੰਡਾਰ ਹੈਂ, ਤਿੰਨਾਂ ਹੀ ਮਨੋਰਥਾਂ ਦਾ ਬਖਸ਼ਣਹਾਰ ਹੈਂ–ਅਤੇ ਕਦੇ ਪੈਦਾ ਨਹੀਂ ਹੋਇਆ, ਜਨਮ ਰਹਿਤ ਹੈਂ ।

**ਕਾਵਿ ਭਾਵਅਰਥ :–**

ਤਿੰਨਾਂ ਲੋਕਾਂ ਅੰਦਰ ਹੀ ਹੈ ਮਾਣ ਤੇਰਾ, ਸਰਬ ਗੁਣਾਂ ਦਾ ਗੁਣੀ-ਭੰਡਾਰ ਪ੍ਰੀਤਮ ।
ਅਰਥ, ਧਰਮ ਤੇ ਮੋਖ ਦਾ ਦੇਣ ਵਾਲਾ, ਜਨਮ ਰਹਿਤ ਹੈਂ, ਮੇਰੇ ਦਾਤਾਰ ਪ੍ਰੀਤਮ ।

**ਮੂਲ ਪਾਠ–ਅਨੀਲ ਹੈਂ ॥ ਅਨਾਦ ਹੈਂ ॥ ਅਜੇ ਹੈਂ ॥ ਅਜਾਦ ਹੈਂ ॥੩੩॥**

**ਸ਼ਬਦਾਰਥ**–ਅਨੀਲ=ਹਵਾ, ਪ੍ਰਾਣ, ਸਭ ਜੀਵਾਂ ਦਾ ਅਧਾਰ । ਅਨਾਦ=ਅਨ+ਆਦ=ਜਿਸ ਦਾ ਆਦਿ ਨਾ ਹੀ ਮਿਲ ਸਕਦਾ ਹੋਵੇ । ਅਜੇ=ਅਜਿਤ । ਅਜਾਦਿ=ਅਜ+ਆਦਿ । ਅਜ=ਅ+ਜ=ਅਜਨਮਾ । ਆਦਿ=ਮੁਢ । ਜਾ=ਪੈਦਾ ਹੋਣਾ । ਅਜਾਦ=ਪੈਦਾ ਹੋਣ ਦੇ ਛਿਨ ਤੋਂ ਮੁਕਤ ।

**ਭਾਵਾਰਥ**–ਪ੍ਰਭੂ ਤੂ ਸਭ ਦਾ ਅਧਾਰ ਹੈਂ, ਤੇਰਾ ਆਦਿ ਨਹੀਂ ਲਭ ਸਕਦਾ, ਤੂੰ ਅਜਿਤ ਹੈਂ ਅਤੇ ਜਨਮ ਛਿਨ ਤੋਂ ਰਹਿਤ ਹੈਂ ।

**ਕਾਵਿ ਭਾਵਾਰਥ :–**

ਹਰ ਇਕ ਜੀਵ ਦਾ ਪ੍ਰਾਣ ਆਧਾਰ ਹੈਂ ਤੂੰ, ਪ੍ਰਭੂ ਤੇਰਾ ਆਗਾਜ਼ ਤੇ ਆਦਿ ਕੋਈ ਨਹੀਂ ।
ਹੈਂ ਅਜੇ, ਨਾ ਤੈਨੂੰ ਕੋਈ ਜਿਤ ਸਕਦਾ, ਤੇਰਾ ਜਨਮ ਛਿਨ ਯਾ ਫਿਰ ਜਨਮਾਦਿ ਕੋਈ ਨਹੀਂ ।

**ਮੂਲ ਪਾਠ—ਅਜਨਮ ਹੈਂ ॥ ਅਬਰਨ ਹੈਂ ॥ ਅਭੂਤ ਹੈਂ ॥ ਅਭਰਨ ਹੈਂ ॥੩੪॥**

**ਸ਼ਬਦਾਰਥ**–ਅਜਨਮ=ਜਨਮ ਵਿਚ ਨਾ ਆਉਣ ਵਾਲਾ । ਅਬਰਨ=ਜਿਸ ਦਾ ਕੋਈ ਵਰਨ ਜਾਤ ਨਾ ਹੋਵੇ । ਅਭੂਤ=ਜੋ ਤੱਤਾਂ ਤੋਂ ਨਾ ਬਣਿਆ ਹੋਵੇ । ਅਭਰਨ=ਅ+ਭਰਨ=ਭਰਨ ਰਹਿਤ, ਜਿਸ ਨੂੰ ਪਾਲਣ ਪੋਸਣ ਦੀ ਲੋੜ ਨ ਪੈਂਦੀ ਹੋਵੇ ।

**ਭਾਵਾਰਥ**–ਪ੍ਰਭੂ, ਤੂੰ ਜਨਮ ਮੁਕਤ ਹੈ, ਵਰਨ ਜਾਤ-ਰਹਿਤ ਹੈਂ, ਤਤਾਂ ਤੋਂ ਨਹੀਂ ਬਣਿਆ ਹੋਇਆ ਅਤੇ ਆਪਣੀ ਪਾਲਣਾ ਲਈ ਕਿਸੇ ਦਾ ਮੁਥਾਜ ਨਹੀਂ ਹੈਂ ।

**ਕਾਵਿ ਭਾਵਾਰਥ :–**

ਤੂੰ ਹੈਂ ਜਨਮ ਤੋਂ ਮੁਕਤ, ਅਜਨਮ ਪਿਆਰੇ, ਤੇਰਾ ਵਰਨ ਨਹੀਂ ਕੋਈ, ਅਭਰਨ ਪ੍ਰੀਤਮ ।
ਪੰਜਾਂ ਤੱਤਾਂ ਤੋਂ ਨਹੀਂ ਬਣਤ ਹੋਈ, ਨਹੀਂ ਮੁਥਾਦ ਤੂੰ, ਮੇਰੇ ਅਭਰਨ ਪ੍ਰੀਤਮ ।

**ਮੂਲ ਪਾਠ–ਅਗੰਜ ਹੈਂ ॥ ਅਭੰਜ ਹੈਂ ॥ ਅਝੂਝ ਹੈਂ ॥ ਅਝੰਝ ਹੈਂ ॥੩੫॥**

**ਸ਼ਬਦਾਰਥ**–ਅਗੰਜ=ਜੋ ਜਿਤਿਆ ਨਾ ਜਾ ਸਕੇ, ਅਜੀਤ । ਅਭੰਜ=ਜਿਸ ਨੂੰ ਤੋੜਿਆ ਨਾ ਜਾ ਸਕੇ, ਅਟੁਟ । ਅਝੂਝ=ਜਿਸ ਨਾਲ ਕੋਈ ਜੂਝ ਨ ਸਕੇ, ਲੜ ਨ ਸਕੇ । ਅਝੰਝ=ਅ+ਝੰਝ । ਝੰਝ=ਝਗੜੇ ਝੰਝਟ । ਅਝੰਝ=ਝਗੜਿਆਂ ਝੰਝਟਾਂ ਤੋਂ ਮੁਕਤ ।

**ਭਾਵਾਰਥ**–ਹੇ ਪ੍ਰਭੂ ! ਤੈਨੂੰ ਜਿਤਿਆ ਤੋੜਿਆ ਨਹੀਂ ਜਾ ਸਕਦਾ, ਕੋਈ ਤੇਰੇ ਨਾਲ ਲੜ ਨਹੀਂ ਸਕਦਾ, ਤੂੰ ਹਰ ਪ੍ਰਕਾਰ ਦੇ ਝਗੜਿਆਂ ਝੰਝਟਾਂ ਤੋਂ ਮੁਕਤ ਹੈਂ ।



www.AKJ.Org

ਕਾਵਿ ਭਾਵਾਰਥ–

ਹੈਂ ਅਗੰਜ, ਨਹੀਂ ਤੈਨੂੰ ਕੋਈ ਜਿਤ ਸਕਦਾ, ਤੂੰ ਅਟੂਟ ਹੈਂ ਮੇਰੇ ਅਭੰਜ ਦਾਤਾ।
ਤੇਰੇ ਨਾਲ ਨਹੀਂ ਕੋਈ ਵੀ ਜੂਝ ਸਕਦਾ, ਮੁਕਤ ਝੰਝਟਾਂ ਤੋਂ ਤੂੰ ਅਝੰਝ ਦਾਤਾ।

**ਮੂਲ ਪਾਠ–ਅਮੀਕ ਹੈਂ ॥ ਰਫ਼ੀਕ ਹੈਂ ॥ ਅਧੰਧ ਹੈਂ ॥ ਅਬੰਧ ਹੈਂ ॥੩੬॥**

**ਸ਼ਬਦਾਰਥ**–ਅਮੀਕ=ਅਤੀ ਡੂੰਘਾ, ਜਿਸ ਦੀ ਥਾਹ ਨਾ ਪਾਈ ਜਾ ਸਕੇ। ਰਫੀਕ=ਮਿਤਰ, ਸਾਥੀ। ਅਧੰਧ=ਧੰਧਿਆਂ ਤੋਂ ਮੁਕਤ। ਅਬੰਧ=ਬੰਧਨਾਂ ਤੋਂ ਮੁਕਤ।

**ਭਾਵਾਰਥ**–ਹੇ ਸਭ ਦੇ ਮਿੱਤਰ ਵਾਹਿਗੁਰੂ ! ਤੂੰ ਇਤਨਾ ਡੂੰਘਾ ਹੈ ਕਿ ਤੇਰੀ ਥਾਹ ਨਹੀਂ ਪਾਈ ਜਾ ਸਕਦੀ, ਤੂੰ ਧੰਧਿਆਂ ਅਤੇ ਬੰਧਨਾਂ ਤੋਂ ਪੂਰਨ ਤੌਰ ਤੇ ਮੁਕਤ ਹੈਂ।

ਕਾਵਿ ਭਾਵਾਰਥ :–

ਤੇਰੀ ਥਾਹ ਨਹੀਂ ਕੁਝ, ਅਮੀਕ ਹੈਂ ਤੂੰ, ਤੂੰ ਰਫੀਕ ਸਭ ਦਾ ਮਿਤ੍ਰ ਯਾਰ ਸੁਆਮੀ।
ਕੰਮਾਂ ਧੰਧਿਆਂ ਤੋਂ ਤੂੰ ਹੈਂ ਮੁਕਤ ਦਾਤਾ, ਹਰ ਇਕ ਬੰਧਨ ਤੋਂ ਵੀ ਤੂੰ ਹੈਂ ਪਾਰ ਸੁਆਮੀ।

**ਮੂਲ ਪਾਠ–ਨ੍ਰਿਬੂਝ ਹੈਂ ॥ ਅਸੂਝ ਹੈਂ ॥ ਅਕਾਲ ਹੈਂ ॥ ਅਜਾਲ ਹੈਂ ॥੩੭॥**

**ਸ਼ਬਦਾਰਥ**–ਨ੍ਰਿਬੂਝ=ਨ੍ਰਿ+ਬੂਝ=ਜੋ ਬੁਝਿਆ ਨਾ ਜਾ ਸਕੇ। ਅਸੂਝ=ਅ+ਸੂਝ=ਜਿਹੜਾ ਸੋਝੀ ਸਮਝ ਤੋਂ ਪਰੇ ਹੋਵੇ। ਅਕਾਲ=ਮੌਤ ਤੋਂ ਮੁਕਤ। ਅਜਾਲ=ਅ+ਜਾਲ=ਮਾਇਆ ਜਾਲ ਤੋਂ ਬਾਹਰ, ਮਾਇਆ ਦੀ ਪਹੁੰਚ ਤੋਂ ਪਰੇ।

**ਭਾਵਾਰਥ**–ਪ੍ਰਭੂ ਜੀ, ਤੈਨੂੰ ਬੁਝਿਆ ਜਾਣਿਆ ਨਹੀਂ ਜਾ ਸਕਦਾ। ਤੂੰ ਮੌਤ ਅਤੇ ਮਾਇਆ ਦੀ ਪਹੁੰਚ ਤੋਂ ਬਾਹਰ ਹੈਂ।

ਕਾਵਿ ਭਾਵਾਰਥ–

ਬੁਝ ਨ ਸਕੇ ਕੋ ਤੈਨੂੰ, ਅਬੂਝ ਹੈਂ ਤੂੰ, ਸਭ ਦੀ ਸੂਝ ਤੋਂ ਹੈਂ ਤੂੰ ਬੁਲੰਦ ਪ੍ਰੀਤਮ।
ਤੇਰੇ ਉਪਰ ਨਹੀਂ ਕਾਲ ਦਾ ਅਸਰ ਕੋਈ, ਮਾਇਆ-ਜਾਲ ਤੋਂ ਵੀ ਤੂ ਬੁਲੰਦ ਪ੍ਰੀਤਮ।

**ਮੂਲ ਪਾਠ–ਅਲਾਹ ਹੈਂ ॥ ਅਜਾਹ ਹੈਂ ॥ ਅਨੰਤ ਹੈਂ ॥ ਮਹੰਤ ਹੈਂ ॥੩੮॥**

**ਸ਼ਬਦਾਰਥ**–ਅਲਾਹ=ਅ+ਲਾਹ=ਅਲਭ। ਅਜਾਹ=ਅ+ਜਾਹ। ਜਾਹ=ਜਗ੍ਹਾ, ਠਿਕਾਣਾ। ਅਨੰਤ=ਜਿਸਦਾ ਕੋਈ ਅੰਤ ਨ ਹੋਵੇ। ਮਹੰਤ=ਮਹਾਂਤ=ਸਭ ਤੋਂ ਵੱਡਾ, ਮਹਾਨ।

**ਭਾਵਾਰਥ**–ਪ੍ਰਭੂ, ਤੂ ਲਭਿਆ ਨਹੀਂ ਜਾ ਸਕਦਾ, ਤੇਰਾ ਕੋਈ ਖਾਸ ਠਿਕਾਣਾ ਨਹੀਂ, ਥਾਂ ਨਹੀਂ। ਤੇਰਾ ਕੋਈ ਅੰਤ ਨਹੀਂ, ਤੂੰ ਮਹਾਨ ਹੈਂ।

ਕਾਵਿ ਭਾਵਾਰਥ–

ਤੂੰ ਅਲਭ ਹੈਂ, ਨਹੀਂ ਲਭਿਆ ਜਾ ਸਕਦਾ, ਤੂੰ ਅਜਾਹ, ਹੈ ਨਹੀਂ ਖਾਸ ਕੋਈ ਥਾਂ ਤੇਰਾ।
ਤੂੰ ਅਨੰਤ ਹੈਂ, ਤੇਰਾ ਨਹੀਂ ਅੰਤ ਕੋਈ, ਹੇ ਮਹੰਤ, ਮਹਾਨ ਹੈ ਜਬਾ ਤੇਰਾ।

**ਮੂਲ ਪਾਠ–ਅਲੀਕ ਹੈਂ ॥ ਨ੍ਰਿਸੀਕ ਹੈਂ ॥ ਨਿਰਲੰਭ ਹੈਂ ॥ ਅਸੰਭ ਹੈਂ ॥੩੯॥**

**ਸ਼ਬਦਾਰਥ**–ਅਲੀਕ=ਅ+ਲੀਕ=ਜਿਸ ਦੀ ਕੋਈ ਹਦ ਲੀਕੀ ਨਾ ਜਾ ਸਕੇ। ਨ੍ਰਿਸੀਕ=ਨਿਰ+ਸੀਕ। ਸੀਕ=ਸ਼ਰੀਕ। ਨਿਰਸੀਕ=ਜਿਸ ਦਾ ਹੋਰ ਕੋਈ ਸ਼ਰੀਕ ਨ ਹੋਵੇ। ਨਿਰਲੰਭ=ਨਿਰ+ਅਲੰਭ। ਅਲੰਭ=ਸਹਾਰਾ। ਨਿਰਲੰਭ=ਜਿਸ ਨੂੰ ਕਿਸੇ ਦੇ ਸਹਾਰੇ ਦੀ ਲੋੜ ਨ ਹੋਵੇ। ਅਸੰਭ=ਅਸੰਭਵਯ। ਸੰਭਵਯ=ਸੰਭਾਵਨਾ, ਵਿਚਾਰ। ਅਸੰਭ=ਜੋ ਕਿਸੇ ਵਿਚਾਰ ਦੀ ਹੱਦ ਵਿਚ ਨਾ ਆ ਸਕੇ।

**ਭਾਵਾਰਥ**–ਪ੍ਰਭੂ, ਤੇਰੀ ਕੋਈ ਹਦ ਉਲੀਕੀ ਨਹੀਂ ਜਾ ਸਕਦੀ, ਤੇਰਾ ਕੋਈ ਹੋਰ ਸ਼ਰੀਕ (ਤੇਰੇ ਬਰਾਬਰ ਦਾ) ਨਹੀਂ ਹੈ, ਤੈਨੂੰ ਕਿਸੇ ਦੇ ਸਹਾਰੇ ਦੀ ਲੋੜ ਨਹੀਂ, ਨਾ ਹੀ ਤੂੰ ਵਿਚਾਰਾਂ ਅਥਵਾ ਸੋਚਾਂ ਦੀ



www.AKJ.Org

ਹਦ ਵਿਚ ਆ ਸਕਦਾ ਹੈਂ।

**ਕਾਵਿ ਭਾਵਾਰਥ–**

ਤੇਰੀ ਸੀਮਾ ਉਲੀਕੀ ਨਾ ਜਾ ਸਕੇ ਕੁਝ, ਹੇ ਅਲੀਕ, ਨ੍ਰਿਸ੍ਰੀ, ਬੇਜੋੜ ਪ੍ਰੀਤਮ।
ਨਾ ਵਿਚਾਰਾਂ ਦੀ ਹਦ ਵਿਚ ਆ ਸਕੇਂ ਤੂੰ, ਤੈਨੂੰ ਕੋਈ ਸਹਾਰਾ ਨਹੀਂ ਲੋੜ ਪ੍ਰੀਤਮ।

**ਮੂਲ ਪਾਠ–ਅਗੰਮ ਹੈਂ ॥ ਅਜੰਮ ਹੈਂ ॥ ਅਭੂਤ ਹੈਂ ॥ ਅਛੂਤ ਹੈਂ ॥੪੦॥**

**ਸ਼ਬਦਾਰਥ**–ਅਗੰਮ = ਜਿਸ ਤੀਕ ਗੰਮਤਾ ਜਾਂ ਪਹੁੰਚ ਨਾ ਹੋ ਸਕੇ। ਅਜੰਮ = ਜਨਮ ਮੁਕਤ। ਅਭੂਤ = ਤੱਤਾਂ ਤੋਂ ਮੁਕਤ। ਅਛੂਤ = ਜਿਸ ਨੂੰ ਕੋਈ ਛੂਹ ਨਾ ਸਕੇ, ਕਿਸੇ ਦੀ ਛੂਹ ਵਿਚ ਨਾ ਆਉਣ ਵਾਲਾ।

**ਭਾਵਾਰਥ**–ਪ੍ਰਭੂ, ਤੂੰ ਜਨਮ ਮੁਕਤ ਹੈ, ਕਿਸੇ ਦੀ ਵੀ ਪਹੁੰਚ ਤੋਂ ਪਰੇ ਹੈਂ, ਤੱਤਾਂ ਤੋਂ ਮੁਕਤ ਹੈਂ ਅਤੇ ਕਿਸੇ ਦੀ ਛੋਹ ਵਿਚ ਨਹੀਂ ਆ ਸਕਦਾ।

**ਕਾਵਿ ਭਾਵਾਰਥ–**

ਤੇਰੇ ਤੀਕ ਨ ਕਿਸੇ ਦੀ ਪਹੁੰਚ ਹੋਵੇ, ਹੇ ਅਗੰਮ, ਹੇ ਜਨਮ ਤੋਂ ਮੁਕਤ ਸੁਆਮੀ।
ਪੰਜਾਂ ਤੱਤਾਂ ਤੋਂ ਤੇਰੀ ਨਹੀਂ ਹੋਂਦ ਹੋਈ, ਹੇ ਅਛੂਤ, ਸਭ ਦੀ ਛੂਹ ਤੋਂ ਮੁਕਤ ਸੁਆਮੀ।

**ਮੂਲ ਪਾਠ–ਅਲੋਕ ਹੈਂ ॥ ਅਸੋਕ ਹੈਂ ॥ ਅਕਰਮ ਹੈਂ ॥ ਅਭਰਮ ਹੈਂ ॥੪੧॥**

**ਸ਼ਬਦਾਰਥ**–ਅਲੋਕ = ਜਿਹੜਾ ਦੇਖਿਆ ਨਾ ਜਾ ਸਕੇ। ਅਸੋਕ = ਅ + ਸੋਕ = ਜਿਸ ਨੂੰ ਕੋਈ ਚਿੰਤਾ ਨ ਲਗ ਸਕਦੀ ਹੋਵੇ। ਅਕਰਮ = ਕਰਮ ਮੁਕਤ। ਅਭਰਮ = ਭਰਮ ਮੁਕਤ।

**ਭਾਵਾਰਥ**–ਪ੍ਰਭੂ ਜੀ, ਤੂੰ ਅਦ੍ਰਿਸ਼ਟ ਹੈਂ, ਚਿੰਤਾ ਕਰਮ ਅਤੇ ਵਹਿਮ ਮੁਕਤ ਹੈਂ।

**ਕਾਵਿ ਭਾਵਾਰਥ–**

ਤੈਨੂੰ ਅਖ-ਮਨੁਖੀ ਨਹੀਂ ਵੇਖ ਸਕਦੀ, ਪੋਹ ਨ ਸਕੇ ਦਾਤਾ ਤੈਨੂੰ ਕੋਈ ਚਿੰਤਾ।
ਹਰ ਇਕ ਕਰਮ ਦੀ ਤੈਨੂੰ ਹੈ ਛੋਟ ਪ੍ਰੀਤਮ, ਕਰਮ ਮੁਕਤ ਹੈਂ, ਵਹਿਮਾਂ ਤੋਂ ਸਦਾ ਮੁਕਤਾ।

**ਮੂਲ ਪਾਠ–ਅਜੀਤ ਹੈਂ ॥ ਅਭੀਤ ਹੈਂ ॥ ਅਬਾਹ ਹੈਂ ॥ ਅਗਾਹ ਹੈਂ ॥੪੨॥**

**ਸ਼ਬਦਾਰਥ**–ਅਜੀਤ = ਅਜਿਤ। ਅਭੀਤ = ਨਿਡਰ। ਅਬਾਹ–ਜੋ ਹਿਲਾਇਆ ਨ ਜਾ ਸਕੇ। ਅਗਾਹ = ਜਿਹੜਾ ਗਾਹਿਆ ਨਾ ਜਾ ਸਕੇ।

**ਭਾਵਾਰਥ**–ਤੈਨੂੰ ਜਿਤਿਆ ਨਹੀਂ ਜਾ ਸਕਦਾ, ਡਰਾਇਆ ਨਹੀਂ ਜਾ ਸਕਦਾ। ਤੇਰਾ ਭੇਦ ਨਹੀਂ ਮਿਲ ਸਕਦਾ, ਤੈਨੂੰ ਹਿਲਾਇਆ ਨਹੀਂ ਜਾ ਸਕਦਾ।

**ਕਾਵਿ ਭਾਵਾਰਥ–**

ਦਾਤਾ ਕੋਈ ਵੀ ਤੈਨੂੰ ਨਹੀਂ ਜਿਤ ਸਕਦਾ, ਤੈਨੂੰ ਡਰ ਨਹੀਂ ਕਿਸੇ ਦਾ ਰਤਾ ਪ੍ਰੀਤਮ।
ਤੂੰ ਅਬਾਹ ਐਸਾ, ਹਿਲ ਨ ਸਕੇਂ ਮੂਲੋਂ, ਤੂੰ ਅਗਾਹ, ਨ ਸਕੀਦਾ ਗਾਹ ਪ੍ਰੀਤਮ।

**ਮੂਲ ਪਾਠ–ਅਮਾਨ ਹੈਂ ॥ ਨਿਧਾਨ ਹੈਂ ॥ ਅਨੇਕ ਹੈਂ ॥ ਫਿਰਿ ਏਕ ਹੈਂ ॥੪੩॥**

**ਸ਼ਬਦਾਰਥ**–ਅਮਾਨ = ਅ + ਮਾਨ। ਮਾਨ = ਮਿਣਨਾ। ਅਮਾਨ = ਜੋ ਮਿਣਤੀ ਜਾਂ ਨਾਪ ਤੋਲ ਵਿਚ ਨਾ ਆ ਸਕੇ। ਨਿਧਾਨ = ਖਜ਼ਾਨਾ। ਅਨੇਕ = ਬੇਗਿਣਤ।

**ਭਾਵਾਰਥ**–ਪ੍ਰਭੂ, ਤੂੰ ਮਿਣਤੀਆਂ ਨਾਪਾਂ ਵਿਚ ਨਹੀਂ ਆ ਸਕਦਾ, ਤੂੰ ਮਹਾਨ ਭੰਡਾਰ ਹੈਂ ਸਭ ਗੁਣਾਂ ਤੇ ਪਦਾਰਥਾਂ ਦਾ। ਤੂੰ ਅਨਗਿਣਤ ਹੈਂ, ਐਪਰ ਫਿਰ ਵੀ ਇਕੋ ਇਕ ਹੀ ਹੈਂ।

**ਕਾਵਿ ਭਾਵਾਰਥ –**

ਨਾਪਾਂ ਤੋਲਾਂ ਵਿਚ ਤੂੰ ਨਹੀਂ ਹੈਂ ਆ ਸਕਦਾ, ਗੁਣ-ਭੰਡਾਰ ਮਹਾਨ ਅਥਾਹ ਹੈਂ ਤੂੰ।
ਤੇਰੇ ਰੂਪ ਸਥੂਲ ਬੇਅੰਤ ਐਪਰ, ਸੂਖਮ ਰੂਪ ਵਿਚ ਮਾਤ੍ਰ ਇਕਾਹ ਹੈਂ ਤੂੰ।



www.AKJ.Org

# ਸੁਖਮਨੀ (ਸੁਖਾਂ ਦੀ ਮਣੀ)

[ਵਲੋਂ :—ਗਿਆਨੀ ਗੋਪਾਲ ਸਿੰਘ ਜੀ ਮਿੱਤਰ, ਮਾਲਬ (ਗੁੜਗਾਉਂ)]

ਮਣੀ ਸੁਖਾਂ ਦੀ ਜਗ ਵਿਚ 'ਸੁਖਮਨੀ' ਏ, ਸੁਰਤਾਂ ਸੁੱਤੀਆਂ ਤਾਈਂ ਜਗਾਣ ਵਾਲੀ।
ਪਾਂਧੀ ਰੱਬ-ਰਾਹ ਵਾਲੇ ਜਗਿਆਸੂਆਂ ਦੀ, ਬਿਰਤੀ ਰੱਬ ਦੇ ਨਾਲ ਮਿਲਾਣ ਵਾਲੀ।
ਕੱਚੇ ਰੰਗ ਦੁਨਿਆਵੀ ਉਤਾਰ ਕੇ ਤੇ, ਨਾਮ-ਰੰਗ ਦੀ ਰੰਗਣ ਚੜ੍ਹਾਣ ਵਾਲੀ।
ਕਰਦੀ ਪੱਕਿਆਂ ਪੈਰਾਂ ਤੇ ਸਿਦਕੀਆਂ ਨੂੰ, ਕੰਧਾਂ ਭਰਮਾਂ ਤੇ ਵਹਿਮਾਂ ਦੀਆਂ ਢਾਣ ਵਾਲੀ।
ਮੈਲ ਲਗੀ ਹੋਈ ਜਨਮ ਜਨਮਾਂਤਰਾਂ ਦੀ, ਰੂਪ ਸਾਬਣ ਦਾ ਬਣ ਕੇ ਉਤਾਰ ਦੇਵੇ।
ਹਿਰਦੇ ਤਪਦਿਆਂ ਹੋਇਆਂ ਨੂੰ ਕਰੇ ਸੀਤਲ, ਬਾਵਨ ਚੰਦਨ ਬਣ ਕੇ ਸੀਨੇ ਠਾਰ ਦੇਵੇ।

ਆਈ ਜੱਗ ਵਿਚ ਆਬੇ-ਹਯਾਤ ਹੈ ਇਹ, ਕੁੰਡ ਅੰਮ੍ਰਿਤ ਦਾ ਇਹ ਗੰਗ-ਧਾਰ ਲੋਕੋ!
ਬ੍ਰਹਮ ਰੂਪ ਗੁਰੂ ਅਰਜਨ ਦੇ ਮੁਖ ਵਿਚੋਂ, ਨਿਕਲੀ ਮੋਖ-ਦਾਤੀ ਰੂਪ ਧਾਰ ਲੋਕੋ!
ਮਨੂਆ ਕਰੇ ਜੇ ਮਜਨ ਇਸ ਕੁੰਡ ਅੰਦਰ, ਦੇਂਦੀ ਜਨਮਾਂ ਦੀ ਕਾਲਖ ਉਤਾਰ ਲੋਕੋ!
ਬੇੜੇ ਚਾੜ੍ਹ ਕੇ ਪੂਰ ਜਗਿਆਸੂਆਂ ਦੇ, ਕੀਤੇ ਏਸ ਨੇ ਲੱਖਾਂ ਹੀ ਪਾਰ ਲੋਕੋ!
ਧਰਮ ਅਰਥ ਅਤੇ ਕਾਮ ਮੋਖ ਸਾਰੇ, ਏਸ ਜਗ ਅੰਦਰ ਪਾਣੀ-ਹਾਰ ਇਸ ਦੇ।
ਬ੍ਰਹਮਾ, ਬਿਸ਼ਨ, ਸ਼ਿਵ, ਸ਼ੇਸ਼ ਮਹੇਸ਼ ਸਾਰੇ, ਗਾਇਨ ਕਰਦੇ ਨੇ ਗੁਣ ਉਚਾਰ ਇਸ ਦੇ।

ਮਿਲੇ ਆਤਮਾ ਨਾਲ ਪਰਮਾਤਮਾ ਦੇ, ਇਹਦੇ ਅੱਖਰ ਜਦ ਆਉਣ ਜ਼ਬਾਨ ਉਤੇ।
ਰੰਗਿਆ ਜਾਵੇ ਮਨ ਸਿਫ਼ਤ ਸਾਲਾਹ ਅੰਦਰ, ਜੀਵਨ ਮਾਣੇ ਜਗਿਆਸੂ ਜਹਾਨ ਉਤੇ।
ਚੜ੍ਹੇ ਰੰਗ ਵਿਸਮਾਦੀ ਨਾ ਉੱਤਰੇ ਜੋ, ਖੀਵੀ ਸੁਰਤ ਹੋ ਚੜ੍ਹੇ ਅਸਮਾਨ ਉਤੇ।
ਅੱਖਰ ਅੱਖਰ ਗੁਰੂ ਅਰਜਨ ਦਾ ਰੂਪ ਦਿਸੇ, ਅਸਰ ਕਿਵੇਂ ਨ ਹੋਵੇ ਇਨਸਾਨ ਉਤੇ ?
ਮਿਲੇ ਜਿਥੇ ਮਕਰੰਦ-ਰਸ ਭੰਵਰਿਆਂ ਨੂੰ, ਜੀਵਨ ਮਿਲਦਾ ਏ ਜਿਥੋਂ ਪਤੰਗਿਆਂ ਨੂੰ।
ਇਹ ਤੇ ਭਰਿਆ ਭੰਡਾਰ ਕੁਬੇਰ ਦਾ ਏ. ਦਾਤਾਂ ਮਿਲਣ ਜਿਥੋਂ ਭੁੱਖਿਆਂ ਨੰਗਿਆਂ ਨੂੰ।

ਜਾ ਕੇ ਪੁਛ ਲਉ ਉਹਨਾਂ ਮਸਤਾਨਿਆਂ ਨੂੰ, ਇਸ ਦੇ ਨਾਲ ਜਿਨ੍ਹਾਂ ਸਾਂਝ ਪਾਈ ਹੋਈ ਏ।
ਪੀਣ ਅਮਿਉ ਰਸ ਉਠ ਪਰਭਾਤ ਵੇਲੇ, ਜਿਨ੍ਹੇ ਸੁਰਤ ਇਸ ਬਾਣੀ ਵਿਚ ਲਾਈ ਹੋਈ ਏ।
ਸਿਦਕੀ ਜਾਣਦੇ ਨੇ ਇਹ ਤੇ ਜੱਗ ਉਤੇ, ਬਣ ਕੇ ਮੋਖ-ਦਾਤੀ ਧੁਰੋਂ ਆਈ ਹੋਈ ਏ।
ਖੁਲ੍ਹੇ ਰੱਬੀ ਖ਼ਜ਼ਾਨੇ ਹਨ ਉਨ੍ਹਾਂ ਦੇ ਲਈ, ਜਿਨ੍ਹਾਂ 'ਸੁਖਮਨੀ' ਹਿਰਦੇ ਵਸਾਈ ਹੋਈ ਏ।
ਦੇਵੇ ਦੁੱਧ ਤੇ ਪੁੱਤ, ਧਨ, ਲਕਸ਼ਮੀ ਇਹ, ਚਾਬੀ ਬਰਕਤਾਂ ਭਰੇ ਭੰਡਾਰ ਦੀ ਏ।
ਛੌੜ ਕਟ ਕੇ ਤੇ ਆਵਾਗਵਨ ਵਾਲੇ, ਇਹੀ ਜਨਮ ਤੇ ਮਰਨ ਸੰਵਾਰਦੀ ਏ।

ਅੱਖਰ ਅੱਖਰ ਹੈ ਰੰਗਲਾ ਜਾਮ ਇਸਦਾ, ਮਸਤੀ ਏਸ ਵਿਚ ਲੱਖਾਂ ਮੈਖ਼ਾਨਿਆਂ ਦੀ।
ਸਦਾ ਇਹਦੇ ਪਿਆਕ ਮਖ਼ਮੂਰ ਦਿੱਸਣ, ਹਾਲਤ ਦਸਾਂ ਕੀ ਇਹਦੇ ਦੀਵਾਨਿਆਂ ਦੀ।
ਚੜ੍ਹ ਕੇ ਚਰਖੀਆਂ ਤੇ ਇਹਦਾ ਵਿਰਦ ਕਰਦੇ, ਕਰਾਂ ਸਿਫ਼ਤ ਕੀ ਇਸ ਦੇ ਪਰਵਾਨਿਆਂ ਦੀ।
ਮਣਕਾ ਉਨ੍ਹਾਂ ਦੇ ਹੱਥ ਯਕੀਨ ਵਾਲਾ, ਮਾਲਾ ਫੇਰਦੇ ਉਹ ਸ਼ੁਕਰਾਨਿਆਂ ਦੀ।
ਭਾਵੇਂ ਆਰਿਆਂ ਨਾਲ ਦੋ-ਫਾੜ ਹੁੰਦੇ, ਰੰਬੀਆਂ ਨਾਲ ਵੀ ਸਿਰ ਉਤਰਵਾ ਲੈਂਦੇ।
ਪੜ੍ਹਦੇ ਸੁਖਮਨੀ 'ਮਿੱਤਰ' ਨਾ ਝਿਜਕਦੇ ਨੇ, ਸਿੱਧੇ ਉਹ ਸਚਖੰਡ ਦਾ ਰਾਹ ਲੈਂਦੇ।



www.AKJ.Org

# ਹਵਾਈ ਜਹਾਜ਼ ਵਿਚ ਅਖੰਡਪਾਠ

[ਵਲੋਂ :—ਡੀ. ਐਸ. ਲਾਇਲਪੁਰੀ, ਜਲੰਧਰ]

ਅਕਾਲੀ ਪਤ੍ਰਕਾ ਮਿਤੀ ੨੦ ਅਕਤੂਬਰ ੧੯੭੬ ਦੇ ਪਰਚੇ ਦੇ ਸਫ਼ਾ ੪ ਉਤੇ ਸ: ਸਰੂਪ ਸਿੰਘ ਅਲੱਗ ਭਾਸ਼ਾ ਅਫ਼ਸਰ ਪੰਜ:ਬ ਬਿਜਲੀ ਬੋਰਡ ਪਟਿਆਲਾ ਵਲੋਂ "ਗੁਰਬਾਣੀ ਮਿਸ਼ਨ ਲੰਡਨ ਦੀਆਂ ਸਰਗਰਮੀਆਂ" ਦੇ ਸਿਰਲੇਖ ਹੇਠ ਇਕ ਲੇਖ ਪ੍ਰਕਾਸ਼ਿਤ ਹੋਇਆ ਹੈ, ਜਿਸ ਵਿਚ ਸੰਤ ਗੁਰਬਚਨ ਸਿੰਘ ਕੰਬਲੀ ਵਾਲਿਆਂ ਦੀ ਅਗਵਾਈ ਹੇਠ ਹੋ ਰਹੇ ਧਾਰਮਕ ਪ੍ਰਚਾਰ ਦਾ ਵਰਨਣ ਕੀਤਾ ਹੈ।

ਇਸ ਲੇਖ ਵਿਚ ਗੁਰਬਾਣੀ ਮਿਸ਼ਨ ਲੰਡਨ ਵਲੋਂ ਜਿਨ੍ਹਾਂ ਸਰਗਰਮੀਆਂ ਦਾ ਜ਼ਿਕਰ ਕੀਤਾ ਗਿਆ, ਉਹ ਸ਼ਲਾਘਾ ਯੋਗ ਹਨ। ਪਰ ਅਲੱਗ ਜੀ ਨੇ ਇਸੇ ਲੇਖ ਵਿਚ ਇਕ ਨਵੀਂ ਗੱਲ ਲਿਖ ਕੇ ਚੌਕੰਨਾ ਕਰ ਦਿਤਾ ਹੈ।

ਸ: ਸਰੂਪ ਸਿੰਘ ਨੇ ਲਿਖਿਆ ਹੈ ਕਿ ਅਗਲੇ ਸਾਲ (ਜੂਨ ੧੯੭੭) ਵਿਚ ਸ੍ਰੀ ਅੰਮ੍ਰਿਤਸਰ ਦੇ ਸਥਾਪਨਾ ਦਿਵਸ ਦੇ ਸੰਬੰਧ ਵਿਚ ਗੁਰਬਾਣੀ ਮਿਸ਼ਨ ਲੰਡਨ ਵਲੋਂ ੪੦੦ ਨਰ-ਨਾਰੀਆਂ (ਸਿਖ, ਮੁਸਲਮਾਨ, ਹਿੰਦੂ ਅਤੇ ਈਸਾਈਆਂ ਤੇ ਅਧਾਰਿਤ) ਇਕ ਜੱਥਾ ਇਕ ਚਾਰਟਰਡ ਹਵਾਈ ਜਹਾਜ਼ ਰਾਹੀਂ ਸ੍ਰੀ ਅੰਮ੍ਰਿਤਸਰ ਪਹੁੰਚੇਗਾ ਅਤੇ ਲੰਡਨ ਤੋਂ ਚਲਣ ਸਮੇਂ ਹਵਾਈ ਜਹਾਜ਼ ਵਿਚ ਅਖੰਡ ਪਾਠ ਪ੍ਰਾਰੰਭ ਕਰਨ ਦੀ ਤਜਵੀਜ਼ ਹੈ, ਜਿਸ ਦੀ ਸਮਾਪਤੀ ਨਵੀਂ ਦਿਲੀ ਵਿਖੇ ਆ ਕੇ ਕੀਤੀ ਜਾਏਗੀ।

ਸ: ਸਰੂਪ ਸਿੰਘ ਨੇ ਹਵਾਈ ਜਹਾਜ਼ ਵਿਚ ਅਖੰਡਪਾਠ ਕਰਨ ਦੀ ਤਜਵੀਜ਼ ਲਿਖ ਕੇ ਨਵਾਂ ਸ਼ੋਸ਼ਾ ਛਡਿਆ ਹੈ।

ਅਖੰਡਪਾਠਾਂ ਦੀ ਮਾਨ ਮਰਯਾਦਾ ਬਾਰੇ ਪਹਿਲਾਂ ਹੀ ਅਨੇਕਾਂ ਮਤਭੇਦ ਮੌਜੂਦ ਹਨ। ਹਰ ਗੁਰਦਵਾਰੇ, ਸੰਤ ਆਸ਼ਰਮ, ਡੇਰਿਆਂ, ਇਥੋਂ ਤੀਕ ਕਿ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਬੰਧ ਅਧੀਨ ਗੁਰਦਵਾਰਿਆਂ ਤੇ ਪ੍ਰਾਈਵੇਟ ਸੰਸਥਾਵਾਂ ਵਲੋਂ ਸਥਾਪਿਤ ਕੀਤੇ ਗੁਰਦਵਾਰਿਆਂ ਅਤੇ ਘਰਾਂ ਵਿਚ ਰਖਾਏ ਜਾਂਦੇ ਅਖੰਡਪਾਠਾਂ ਦੀ ਮਰਯਾਦਾ ਇਕ-ਸਾਰ ਨਹੀਂ। ਸਗੋਂ ਪਾਠ ਰਖਾਣ ਵਾਲੇ ਵਿਅਕਤੀਆਂ, ਜਾਂ ਪਾਠ ਦਾ ਪ੍ਰਬੰਧ ਕਰਨ ਵਾਲੇ ਗ੍ਰੰਥੀ ਸਿੰਘਾਂ ਜਾਂ ਫੇਰ ਉਸ ਗੁਰਦਵਾਰੇ ਦੇ ਪ੍ਰਬੰਧਕਾਂ ਦੀ ਗੁਰਮਤਿ ਅਤੇ ਮਨ-ਮਰਜ਼ੀ ਤੇ ਅਧਾਰਿਤ ਹੁੰਦੀ ਹੈ। ਜਿਸ ਤਰ੍ਹਾਂ ਕੋਈ ਚਾਹੇ ਕਰ ਲੈਂਦਾ ਹੈ। ਨ ਗੁਰਬਾਣੀ ਦੇ ਆਸ਼ੇ, ਨ ਗੁਰਮਤਿ, ਅਤੇ ਨ ਸ਼੍ਰੋ: ਗੁ: ਪ੍ਰ: ਕਮੇਟੀ ਦੀ ਧਾਰਮਕ ਸਲਾਹਕਾਰ ਕਮੇਟੀ ਦੇ ਮਿਥੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ। ਨਾ ਹੀ ਪਾਠ ਦੀ ਮਹਾਨਤਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤ੍ਰਤਾ ਦਾ ਖਿਆਲ ਰਖਿਆ ਜਾਂਦਾ ਹੈ। ਇਹ ਇਕ ਫੈਸ਼ਨ ਜਾਂ ਰਿਵਾਜ ਪ੍ਰਚਲਤ ਹੋ ਗਿਆ ਹੈ ਕਿ ਕੋਈ ਵਿਆਹ ਸ਼ਾਦੀ ਹੋਵੇ, ਮ੍ਰਿਤਕ ਦਾ ਭੋਗ ਹੋਵੇ, ਨਵੇਂ ਮਕਾਨ ਦੀ ਚੱਠ ਕਰਨੀ ਹੋਵੇ, ਕੋਈ ਨਵਾਂ ਕੰਮ ਆਰੰਭ ਕਰਨਾ ਹੋਵੇ ਜਾਂ ਬਚੇ ਦਾ ਨਾਂ ਰਖਣਾ ਹੋਵੇ ਤਾਂ ਗ੍ਰੰਥੀ ਜੀ ਨੂੰ ਬੁਲਾ ਕੇ ਅਖੰਡਪਾਠ ਰਖਾਇਆ ਜਾਂਦਾ ਹੈ। ਘਰ ਵਿਚ ਥਾਂ ਥੋਹੜੀ ਹੋਵੇ, ਗਲੀ ਹੋਵੇ, ਬਾਜ਼ਾਰ ਹੋਵੇ, ਆਮ ਲਾਂਘਾ ਹੋਵੇ, ਸਚੇ ਪਾਤਸ਼ਾਹ ਦੇ ਸਤਿਕਾਰ ਮਜਬ ਹੋਵੇ ਜਾਂ ਨਾ, ਅਖੰਡਪਾਠ ਰਖਾ ਕੇ ਸ਼ਰਧਾ ਦਾ ਪ੍ਰਗਟਾਅ ਜ਼ਰੂਰ ਕਰਨਾ ਹੁੰਦਾ ਹੈ। ਘਰ ਵਾਲੇ ਸੁਤੇ ਰਹਿਣ, ਤਾਸ਼ਾਂ ਖੇਡਦੇ ਰਹਿਣ, ਬਚੇ ਰੌਲਾ ਪਾਂਦੇ ਰਹਿਣ, ਪਾਠ ਕੋਈ ਸੁਣੇ ਜਾਂ ਨਾ, ਵਿਚਾਰੇ ਪਾਠੀ ਸਿੰਘ ਨੇ ਤਾਂ ਪਾਠ ਕਰਨਾ ਹੀ ਹੁੰਦਾ ਹੈ।

ਅਖੰਡਪਾਠ ਦੀ ਮਹਾਨਤਾ ਅਤੇ ਅਖੰਡਪਾਠ ਕਰਨ ਦੀ ਮਰਯਾਦਾ ਕਦੋਂ ਪ੍ਰਚਲਤ ਹੋਈ ਅਤੇ ਕਿਸ ਹਾਲਤ ਵਿਚ ਕਰਨੀ ਪਈ—ਇਹ ਇਕ ਵਖਰਾ ਵਿਸ਼ਾ ਹੈ। ਪਰ ਹੁਣ ਤਾਂ ਅਖੰਡ ਪਾਠਾਂ, ਸਾਧਾਰਨ ਪਾਠਾਂ, ਸਪਤਾਹਿਕ ਪਾਠਾਂ, ਸਹਿਜ ਪਾਠਾਂ ਦੀ ਦੁਕਾਨਦਾਰੀ ਚਲ ਪਈ ਹੈ, ਪਾਠ ਕਰਵਾਣ ਵਾਲੇ ਦੇ ਦਿਲ ਵਿਚ ਤਾਂ ਸ਼ਰਧਾ ਭਾਵਨਾ ਹੋ ਸਕਦੀ ਹੈ



www.AKJ.Org

ਪਰ ਪਾਠ ਕਰਨ ਵਾਲੇ ਪਾਠੀ ਸਿੰਘਾਂ ਤੇ ਗ੍ਰੰਥੀਆਂ ਅਤੇ ਪ੍ਰਬੰਧਕਾਂ ਦੇ ਦਿਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤ੍ਰਤਾ ਤੇ ਮਾਨ ਮਰਯਾਦਾ ਦਾ ਨ ਕੋਈ ਸਤਿਕਾਰ ਹੁੰਦਾ ਹੈ ਨ ਸ਼ਰਧਾ ਹੁੰਦੀ ਹੈ। ਓਹਨਾਂ ਨੂੰ ਤਾਂ ਕੇਵਲ ਪਾਠ-ਭੇਟਾ ਰੂਪੀ ਮਾਇਆ ਲੈਣ ਦੀ ਹੀ ਖਿਚ ਹੁੰਦੀ ਹੈ।

ਪਿਛਲੇ ਕੁਝ ਸਮੇਂ ਤੋਂ ਹੋਟਲਾਂ ਅਤੇ ਕਲੱਬਾਂ ਵਿਚ ਅਨੰਦ ਕਾਰਜ ਕਰਨ ਦਾ ਰਿਵਾਜ ਚਲ ਪਿਆ ਹੈ। ਨਸ਼ਿਆਂ ਤੇ ਵਿਸ਼ੇ-ਵਿਕਾਰਾਂ ਦੇ ਗੜ੍ਹ ਹੋਟਲਾਂ ਤੇ ਕਲੱਬਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਦੇਹ ਲਿਜਾ ਕੇ "ਪੂਰਨ ਗੁਰਮਤਿ ਅਨੁਸਾਰ" ਅਨੰਦ ਕਰ ਲਿਆ ਜਾਂਦਾ ਤੇ ਇਸ ਪਿਛੋਂ ਉਥੇ ਹੀ ਵਿਸਕੀਆਂ ਦੇ ਦੌਰ ਸ਼ੁਰੂ ਹੋ ਜਾਂਦੇ, ਨਾਚ-ਗਾਣੇ ਹੁੰਦੇ। ਕੀ ਅਜਿਹੀ ਹਾਲਤ ਵਿਚ ਜਾਗਦੀ ਜੋਤਿ ਦਸਾਂ ਪਾਤਿਸ਼ਾਹੀਆਂ ਦੇ ਸਰੂਪ ਪ੍ਰਤੱਖ ਗੁਰੂ ਜੀ ਦਾ ਸਤਿਕਾਰ ਕਾਇਮ ਰਹਿ ਸਕਦਾ ਹੈ ? ਈਸਾਈਆਂ ਲਈ ਬਾਈਬਲ, ਮੁਸਲਮਾਨਾਂ ਲਈ ਕੁਰਾਨ-ਸ਼ਰੀਫ, ਹਿੰਦੂਆਂ ਲਈ ਰਾਮਾਇਣ ਤੇ ਗੀਤਾ ਪਵਿਤਰ ਪੁਸਤਕਾਂ ਹਨ, ਇਹਨਾਂ ਨੂੰ ਪੈਗੰਬਰ ਜਾਂ ਇਸ਼ਟ ਦਾ ਦਰਜਾ ਪ੍ਰਾਪਤ ਨਹੀਂ, ਪਰ ਫੇਰ ਭੀ ਇਹਨਾਂ ਧਾਰਮਕ ਪੁਸਤਕਾਂ ਦੀ ਬੇਹੁਰਮਤੀ ਨਹੀਂ ਹੁੰਦੀ। ਪਰ ਗੁਰੂ ਗ੍ਰੰਥ ਸਾਹਿਬ ਨੂੰ ਤਾਂ ਅਸੀਂ ਦਸਾਂ ਸਤਿਗੁਰੂ ਜੀ ਦੀ ਜਾਗਦੀ ਜੋਤ ਮੰਨਦੇ ਹਾਂ। ਫੇਰ ਇਸ ਹਰਿ ਜੋਤ ਦਾ ਇਤਨਾ ਅਨਾਦਰ ਕਿਉਂ ਕੀਤਾ ਜਾਂਦਾ ਹੈ ? ਗ੍ਰੰਥੀ ਸਿੰਘ ਦਾ ਜਿਥੇ ਤੇ ਜਿਸ ਤਰ੍ਹਾਂ ਦਿਲ ਕਰੇ, ਰਿਕਸ਼ਾ ਤੇ ਰਖ ਕੇ, ਟਾਂਗੇ ਵਿਚ ਰਖ ਕੇ, ਜਾਂ ਵਧ ਤੋਂ ਵਧ ਕਾਰ ਵਿਚ ਰਖ ਕੇ ਲੈ ਜਾਂਦੇ ਹਨ। ਇਹਨਾਂ ਤੇ ਕੋਈ ਅੰਕੁਸ ਨਹੀਂ, ਕੋਈ ਪੁਛ ਪ੍ਰਤੀਤ ਨਹੀਂ।

ਹੁਣ ਜੇ ਸ: ਸਰੂਪ ਸਿੰਘ ਜੀ ਨੇ ਹਵਾਈ ਜਹਾਜ਼ ਵਿਚ ਅਖੰਡ ਪਾਠ ਰਖਣ ਦੀ ਇਕ ਨਵੀਂ ਆਧੁਨਿਕ ਮਰਯਾਦਾ ਚਲਾਣ ਦੀ ਤਜਵੀਜ਼ ਪੇਸ਼ ਕੀਤੀ ਹੈ ਤਾਂ ਉਹਨਾਂ ਦੇ ਦਿਮਾਗ ਅਤੇ ਸੰਤਾਂ ਦੀ ਸੰਗਤ ਵਿਚ ਰਹਿ ਕੇ ਪ੍ਰਾਪਤ ਕੀਤੀ ਗੁਰਮਤਿ ਰਹਿਣੀ ਅਤੇ ਸੂਝ ਬੂਝ ਦੀ ਦਾਦ ਦੇਣੀ ਚਾਹੀਦੀ ਹੈ। ਸ: ਸਰੂਪ ਸਿੰਘ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸ੍ਰੀ ਅਖੰਡ ਪਾਠ ਜਿਸ ਥਾਂ ਤੇ ਪ੍ਰਾਰੰਭ ਕੀਤਾ ਜਾਂਦਾ ਹੈ, ਉਥੇ ਹੀ ਸਮਾਪਤੀ ਹੁੰਦੀ ਹੈ। ਪਰ ਉਹਨਾਂ ਦੇ ਕਥਨ ਅਨੁਸਾਰ ਅਖੰਡ ਪਾਠ ਲੰਡਨ ਤੋਂ ਹਵਾਈ ਜਹਾਜ਼ ਚਲਣ ਸਮੇਂ ਰਖਿਆ ਜਾਏਗਾ ਅਤੇ ਨਵੀਂ ਦਿਲੀ (ਸਤ ਹਜ਼ਾਰ ਮੀਲ ਦੇ ਫ਼ਾਸਲੇ ਤੇ) ਆ ਕੇ ਸਮਾਪਤੀ ਹੋਵੇਗੀ।

ਫਿਰ ਹਵਾਈ ਜਹਾਜ਼ ਦਾ ਰੌਲਾ ਰੱਪਾ, ਅਕਾਸ਼ ਵਿਚ ਉਡਦੇ ਸਮੇਂ ਜਹਾਜ਼ ਦੇ ਹਿਚਕੋਲੇ ਅਤੇ ਹਵਾਈ ਜਹਾਜ਼ ਦਾ ਮਾਹੌਲ ਅਜਿਹਾ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਾਇਮ ਰਹਿ ਹੀ ਨਹੀਂ ਸਕਦਾ।

ਇਸ ਨਾਲੋਂ ਚੰਗਾ ਹੈ ਕਿ ਲੰਡਨ ਤੋਂ ਜਥਾ ਚਲਣ ਤੋਂ ਪਹਿਲਾਂ ਹੀ ਅਖੰਡਪਾਠ ਪ੍ਰਾਰੰਭ ਕਰ ਕੇ, ਉਥੇ ਹੀ ਸਮਾਪਤੀ ਕਰ ਲਈ ਜਾਏ ਅਤੇ ਹਵਾਈ ਜਹਾਜ਼ ਵਿਚ ਪਾਠ ਤੇ ਕੀਰਤਨ ਕਰਦੇ ਹੋਏ ਯਾਤ੍ਰੀ ਦਿਲੀ ਪਹੁੰਚਣ।

ਹਵਾਈ ਜਹਾਜ਼ ਵਿਚ ਅਖੰਡ ਪਾਠ ਕਰਨ ਦੀ ਤਜਵੀਜ਼ ਦੇ ਨਤੀਜਿਆਂ ਉਤੇ ਬੜੀ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੀ ਧਾਰਮਕ ਸਲਾਹਕਾਰ ਕਮੇਟੀ ਨੂੰ ਇਸ ਬਾਰੇ ਛੇਤੀ ਵਿਚਾਰ ਕਰ ਕੇ ਆਪਣੇ ਫ਼ੈਸਲੇ ਦਾ ਐਲਾਨ ਕਰਨਾ ਚਾਹੀਦਾ ਹੈ, ਤਾਕਿ ਇਸ ਵਾਦ-ਵਿਵਾਦ ਨੂੰ ਸਮੇਂ ਸਿਰ ਹੀ ਸਮਾਪਤ ਕੀਤਾ ਜਾ ਸਕੇ।

---

## ਡਾਲੋ ਮਾਜਰਾ (ਰਾਜਪੁਰਾ) ਵਿਖੇ ਸਾਲਾਨਾ ਸਮਾਗਮ

੨੪ ਮਾਰਚ ਤੋਂ ੨੭ ਮਾਰਚ ਤਕ ਹੋ ਰਹੇ ਹਨ।

---

## ਮੋਗੇ ਵਿਖੇ ਗੁਰਮਤਿ ਸਮਾਗਮ ਤੇ ਰੈਣ-ਸਬਾਈ ਕੀਰਤਨ

੧੯-੨੦ ਮਾਰਚ ਦੀ ਰਾਤ ਨੂੰ ਹੋਣਗੇ।



www.AKJ.Org

# ਚੌਧਰੀ ਲੰਗਾਹ

[ਵਲੋਂ :—ਸਾਰੰਗ ਜੀ, ਕਪੂਰਥਲਾ]

ਚੌਧਰੀ ਲੰਗਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਉਘੇ ਸਿਖਾਂ ਵਿਚੋਂ ਹੋਏ ਹਨ, ਜਿਨ੍ਹਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਇਉਂ ਕੀਤਾ ਹੈ—

"ਪਟੀ ਅੰਦਰ ਚੌਧਰੀ ਢਿਲੋਂ
ਲਾਲ ਲੰਗਾਹ ਸੁਹੰਦਾ ।"
(ਭਾਈ ਗੁਰਦਾਸ ਜੀ)

ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅੱਠ ਕ੍ਰੋਹ ਦਖਣ ਵਲ ਚੁਭਾਲ ਨਾਮ ਦਾ ਇਕ ਪਿੰਡ ਹੈ, ਜਿਥੇ ਸਿਖੀ ਦਾ ਬੂਟਾ ਚੌਧਰੀ ਢਿਲੋਂ ਲਾਲ ਲੰਗਾਹ ਨੇ ਲਗਾਇਆ। ਇਸੇ ਵੰਸ਼ ਵਿਚੋਂ ਅਗੋਂ ਚਲ ਕੇ ਪਹਿਲੋਂ ਮਾਈ ਭਾਗੋ (ਭਾਗ ਕੌਰ ਜੀ) ਹੋਏ, ਜਿਨ੍ਹਾਂ ਨੇ ਟੁਟੀ-ਗੰਢਣ ਲਈ ਦਸਮੇਸ਼ ਪਿਤਾ ਜੀ ਨੂੰ ਬੇਨਤੀ ਕੀਤੀ । ਚਾਲੀ ਮੁਕਤਿਆਂ ਨੂੰ ਕਿਵੇਂ ਪ੍ਰੇਰ ਕੇ ਗੁਰ-ਚਰਨਾਂ ਨਾਲ ਜੋੜਿਆ, ਇਹ ਇਕ ਅਦੁੱਤੀ ਮਿਸਾਲ ਹੈ। ਪੰਥ ਮਾਈ ਭਾਗੋ ਨੂੰ ਤਾਂ ਜਾਣਦਾ ਹੈ, ਪਰ ਚੌਧਰੀ ਲੰਗਾਹ ਨੂੰ ਸ਼ਾਇਦ ਇਤਨਾ ਨਹੀਂ ਜਾਣਦਾ।

ਇਸੇ ਹੀ ਪਰਿਵਾਰ ਵਿਚੋਂ ਭਾਈ ਬਘੇਲ ਸਿੰਘ ਜੀ ਭੀ ਹੋਏ ਹਨ, ਜੋ ਕਰੋੜੀਆ ਮਿਸਲ ਦੇ ਜਥੇਦਾਰ ਹੋਏ ਹਨ। ਅਤੇ ੧੭੯੦ ਈ: ਵਿੱਚ ਦਿਲੀ ਫ਼ਤਹ ਕੀਤੀ। ਦਿਲੀ ਦੇ ਸਮਰਾਟ ਤੋਂ ਤਿੰਨ ਲਖ ਰੁਪਏ ਭੇਟਾ ਲਏ ਤੇ ਦਿਲੀ ਦੇ ਗੁਰਦਵਾਰੇ ਬਣਵਾਏ ਤੇ ਉਨ੍ਹਾਂ ਨਾਲ ਜਾਗੀਰਾਂ ਕਾਇਮ ਕੀਤੀਆਂ। ਇਨ੍ਹਾਂ ਤੋਂ ਹੀ ਉਸ ਸਮੇਂ ਦੇ ਉਚੇ ਘਰਾਣੇ ਦੇ ਸਰਦਾਰ ਅੰਮ੍ਰਿਤ ਪਾਨ ਕਰਨਾ ਫ਼ਖ਼ਰ ਸਮਝਦੇ ਸਨ। ਪਟਿਆਲੇ ਦੇ ਨਰੇਸ਼ ਸ: ਸਾਹਿਬ ਸਿੰਘ ਜੀ ਨੇ ਭੀ ਆਪ ਦੀ ਜੱਥੇਦਾਰੀ ਵਿਚ ਹੀ ਅੰਮ੍ਰਿਤ ਛਕਿਆ ਸੀ।

ਇਹਨਾਂ ਦੇ ਪਿਤਾ-ਪਿਤਾਮਾਂ ਸਨ ਚੌਧਰੀ ਢਿਲੋਂ ਲਾਲ ਲੰਗਾਹ। ਆਪ ਪੱਟੀ ਦੇ ਪਰਗਣੇ ਦੇ ਚੌਧਰੀ ਸਨ, ਜਿਨ੍ਹਾਂ ਦਾ ਸਰਕਾਰੀ ਅਹੁਦਾ ਅਜ ਕਲ੍ਹ ਦੇ ਡਿਪਟੀ ਕਮਿਸ਼ਨਰ ਦੇ ਬਰਾਬਰ ਮੰਨਿਆ ਜਾ ਸਕਦਾ ਹੈ। ਆਪ ਮੁਗ਼ਲ ਸਰਕਾਰ ਲਈ ਤਿੰਨ ਲਖ ਦਾ ਮਾਲੀਆ (ਸਾਲਾਨਾ) ਉਗਰਾਹੁੰਦੇ ਹੁੰਦੇ ਸਨ। ਆਪ ਦੇ ਪਿਤਾ ਦਾ ਨਾਮ ਅਬੁਲਖ਼ੈਰ ਸੀ, ਪਰ ਆਪ ਮੁਸਲਮਾਨ ਨਹੀਂ ਸਨ, ਮੁਗ਼ਲ ਰਾਜ ਸਮੇਂ ਵੱਡੇ ਵੱਡੇ ਘਰਾਂ ਵਿੱਚ ਇਹ ਫ਼ੈਸ਼ਨ ਜਿਹਾ ਸੀ ਕਿ ਸਰਕਾਰ ਨਿਵਾਜ਼ ਬਣਨ ਲਈ ਆਪਣਾ ਅਤੇ ਆਪਣੇ ਬੱਚਿਆਂ ਦਾ ਨਾਮ ਵੇਲੇ ਦੀ ਹਕੂਮਤ ਦੇ ਅਨੁਕੂਲ ਰਖਿਆ ਜਾਏ, ਜਿਵੇਂ ਅੰਗਰੇਜ਼ਾਂ ਦੀ ਦੇਖਾ ਦੇਖੀ, ਰੀਸ ਘੜੀਸੇ, ਹੁਣ ਇਹ ਰਿਵਾਜ ਪਿਆ ਹੋਇਆ ਹੈ ਕਿ ਪੂਰੇ ਨਾਮ ਬੁਲਾਣ ਦੀ ਥਾਂ, ਲੋਕੀਂ ਜ਼ਾਤ ਜ਼ਰੂਰ ਸਦਣਗੇ। ਭਾਵੇਂ ਜ਼ਾਤ ਕਿਡੀ ਹੀ ਭੈੜੀ ਹੋਵੇ। ਗੁਰਮੁਖੀ ਨਾਂ ਤਾਂ ਹੁਣ ਟਾਵੇਂ ਟਾਵੇਂ ਹੀ ਰਹਿ ਗਏ ਹਨ। ਭਾਈ ਲੰਗਾਹ ਦੇ ਦੋ ਪੁਤਰਾਂ ਦੇ ਨਾਮ ਭੀ ਮੁਸਲਮਾਨੀ ਸਨ :—ਸਕੰਦਰ ਅਤੇ ਜਮੱਸਤ, ਲੜਕੀ ਦਾ ਨਾਮ ਉਮਰੀ ਸੀ। ਸ਼ੁਰੂ ਸ਼ੁਰੂ ਵਿੱਚ ਆਮ ਰਿਵਾਜ ਅਨੁਸਾਰ, ਆਪ ਸਖ਼ੀ ਸਰਵਰ ਦੇ ਪੁਜਾਰੀ ਸਨ। ਉਨ੍ਹਾਂ ਸਮਿਆਂ ਵਿੱਚ (੧੬ਵੀਂ ਸ਼ਤਾਬਦੀ ਵਿਚ) ਸਰਵਰ ਪੀਰ ਦੀ ਬੜੀ ਮਾਨਤਾ ਹੁੰਦੀ ਸੀ। ਜਥੇਦਾਰ ਨੂੰ ਆਪਣੇ ਘਰ ਸਰਵਰ ਦੀ ਕਬਰ ਬਣਾਣੀ ਪੈਂਦੀ ਸੀ। ਜਿਸ ਤਰ੍ਹਾਂ ਅਜੋਕੀ ਸਿਖੀ-ਪ੍ਰਚਾਰ ਦਾ ਪੰਜਾਬ ਵਿੱਚ ਟਾਕਰਾ ਰਾਧਾ ਸ੍ਵਾਮੀਆਂ, ਨਿਰੰਕਾਰੀਆਂ ਨਾਲ ਹੈ ਤਿਵੇਂ ਮੁਸਲਮਾਨੀ ਰਾਜ ਵਿੱਚ ਬਹੁਤੇ ਹਿੰਦੂ ਹੋਰਨਾਂ ਦੇਵੀ ਦੇਵਤਿਆਂ ਦੇ ਨਾਲ ਨਾਲ ਸਖ਼ੀ ਸਰਵਰ ਦੀ ਪੂਜਾ ਕਰ ਕੇ ਭੀ ਹਿੰਦੂ ਰਹਿੰਦੇ ਸਨ। ਭਾਈ ਮੰਝ ਭੀ ਤਾਂ ਪਹਿਲਾਂ ਸਖ਼ੀ-ਸਰਵਰੀਏ ਸਨ, ਪਿਛੋਂ ਗੁਰੂ ਚਰਨਾਂ ਦੇ ਭੌਰੇ ਬਣੇ।

ਚੌਧਰੀ ਲੰਗਾਹ ਅਕਬਰ, ਜਹਾਂਗੀਰ ਅਤੇ ਸ਼ਾਹ ਜਹਾਨ ਦੇ ਸਮਕਾਲੀ ਸਨ। ਇਸ ਲਈ ਅੰਦਾਜ਼ਾ ਹੈ ਕਿ ਆਪ ਸ੍ਰੀ ਗੁਰੂ ਅਮਰ ਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਭੀ ਸਮਕਾਲੀ ਰਹੇ, ਅਤੇ ਓਸ ਤੋਂ ਬਾਅਦ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਤਕ ਆਪ ਜੀ ਰਹੇ



www.AKJ.Org

ਹਨ ਅਤੇ ਸੇਵਾ ਕੀਤੀ ।

ਚੌਧਰੀ ਲੰਗਾਹ ਇਕ ਵਾਰੀ ਸਖ਼ਤ ਬੀਮਾਰ ਹੋ ਗਿਆ । ਉਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਤਰਨ-ਤਾਰਨ ਸਾਹਿਬ ਸੇਵਾ ਕਰਵਾ ਰਹੇ ਸਨ । ਬੀਮਾਰ ਭੀ ਇਤਨਾ ਜ਼ਿਆਦਾ ਹੋਇਆ ਕਿ ਕਿਸੇ ਦੇਵੀ ਦੇਵਤੇ ਜਾਂ ਸਖੀ ਸਰਵਰ ਦੀਆਂ ਮੰਨਤਾਂ ਮਨੌਤਾਂ ਨਾਲ ਰਾਜ਼ੀ ਹੋਣ ਵਿਚ ਹੀ ਨਾ ਆਵੇ । ਤਾਂ ਉਸਨੂੰ ਕਿਸੇ ਨੇ ਸੁਝਾ ਦਿਤਾ ਕਿ ਪੰਚਮ ਗੁਰੂ ਨਾਨਕ ਦੇ ਦਰਸ਼ਨ ਕਰੋ। ਆਪ ਤਰਨ ਤਾਰਨ ਹਾਜ਼ਰ ਹੋਇਆ ਤੇ ਬੇਨਤੀ ਕੀਤੀ। ਕਰਤਾਰ ਦੀ ਕੁਦਰਤ, ਮੇਹਰ ਹੋਈ, ਚੌਧਰੀ ਲੰਗਾਹ ਰਾਜ਼ੀ ਹੋ ਗਿਆ । ਪਹਿਲਾਂ ਹਰ ਮਨੁਖ ਸ਼ਰਨ ਆਉਣ ਸਮੇਂ ਗੁਰੂ ਦੀ ਪ੍ਰੀਖਿਆ ਲੈਂਦਾ ਹੁੰਦਾ ਹੈ । ਸੋ ਲੰਗਾਹ ਜੀ ਸਭ ਪਾਸਿਓਂ ਹਾਰ ਖਾ ਕੇ ਪੰਚਮ ਗੁਰੂ ਨਾਨਕ ਪਾਸ ਹਾਜ਼ਰ ਹੋਇਆ ਸੀ। ਗੁਰੂ ਮਹਾਰਾਜ ਨੇ ਮੇਹਰ ਕੀਤੀ । ਸਿਖੀ ਬਖਸ਼ੀ । ਚੌਧਰੀ ਲੰਗਾਹ ਹੁਣ ਸਿਖ ਬਣ ਗਿਆ ।

ਸਿਦਕ ਪਿਆਰ ਦੀਆਂ ਗੱਲਾਂ ਨਿਆਰੀਆਂ ਹੁੰਦੀਆਂ ਹਨ । ਪ੍ਰੇਮ ਵਿੱਚ ਇਹ ਨੇਮ ਕਰ ਲਿਆ ਕਿ ਉਨਾ ਚਿਰ ਕੁਝ ਮੂੰਹ ਨਹੀਂ ਲਾਉਣਾ ਜਿੰਨਾ ਚਿਰ ਗੁਰੂ ਮਹਾਰਾਜ ਜੀ ਦੇ ਪਰਤਖ ਦਰਸ਼ਨ ਦੀਦਾਰੇ ਨਾ ਕਰ ਲਵਾਂ । ਅਜ ਕਲ ਤਾਂ ਇਸ ਨੇਮ ਨੂੰ ਭਾਵੇਂ ਬਹੁਤ ਸਾਰੇ ਪ੍ਰੇਮੀ ਨਿਭਾਂਦੇ ਹਨ, ਅਤੇ ਨੇਮ ਨਿਭਦਾ ਭੀ ਸੌਖਾ ਹੈ, ਕਿਉਂਕਿ ਘਰ ਘਰ ਗੁਰੂ ਮਹਾਰਾਜ ਜੀ ਦੇ ਪਰਕਾਸ਼ ਹਨ । ਜਾਂ ਨੇੜੇ ਨੇੜੇ ਗੁਰਦੁਆਰੇ ਹੁੰਦੇ ਹਨ। ਪਰ ਉਹਨਾਂ ਸਮਿਆਂ ਦਾ ਖ਼ਿਆਲ ਕਰੋ, ਜਦੋਂ ਆਣ ਜਾਣ ਦੇ ਸਾਧਨ ਘਟ ਸਨ । ਪਟੀ ਤੋਂ ਤਰਨਤਾਰਨ ਅੱਠ ਮੀਲ ਪੈਂਡਾ ਹੈ । ਰੋਜ਼ਾਨਾ ਚੌਧਰੀ ਜੀ ਨੰਗੇ ਪੈਰੀਂ ਪੈਦਲ ਤੁਰ ਕੇ ਸਿਰ ਤੇ ਦਹੀਂ ਦੀ ਮਟਕੀ ਮਹਾਰਾਜ ਜੀ ਦੇ ਇਸ਼ਨਾਨ ਤੇ ਲੰਗਰ ਹਿਤ ਨਾਲ ਲਿਆਉਣੀ । ਦਰਸ਼ਨ ਕਰਨੇ ਤੇ ਫਿਰ ਘਰ ਜਾ ਕੇ ਕੁਝ ਛਕਣਾ। ਨੰਗੇ ਪੈਰੀਂ ਗੁਰੂ ਚਰਨਾਂ ਦੀ ਹਾਜ਼ਰੀ ਭਰਨ ਦਾ ਇਕ ਹੋਰ ਭਾਵ ਭੀ ਮੰਨਿਆ ਜਾਂਦਾ ਹੈ—ਅਤਿ ਦਰਜੇ ਦੀ ਨਿੰਮ੍ਰਤਾ ਤੇ ਗਰੀਬੀ । ਚੌਧਰੀ ਲੰਗਾਹ ਰੱਥ ਤੇ ਚੜ੍ਹ ਕੇ ਭੀ ਦਰਸ਼ਨ ਕਰਨ ਆ ਸਕਦਾ ਸੀ, ਪਰ ਨੰਗੇ ਪੈਰੀਂ ਗੁਰੂ ਚਰਨਾਂ ਵਿੱਚ ਚਲਣ ਦਾ ਰਸ ਹੀ ਹੋਰ ਹੈ । ਆਪਣੇ ਘਰ ਚੋਂ ਸਖ਼ੀ ਸਰਵਰ ਦੀ ਕਬਰ ਤਾਂ ਪਹਿਲਾਂ ਹੀ ਢਾਹ ਦਿਤੀ ਸੀ । ਬਾਕੀ ਦੇਵੀ ਦੇਵਤੇ ਛਡ ਛਡਾ ਕੇ, ਕੇਵਲ ਗੁਰੂ ਭਗਤੀ ਅਤੇ ਅਕਾਲ ਪੁਰਖ ਦੀ ਟੇਕ ਆਪਣੇ ਮਨ ਵਿਚ ਵਸਾ ਲਈ । ਸ੍ਰੀ ਤਰਨ ਤਾਰਨ ਜੀ ਦੇ ਸਰੋਵਰ ਦੀ ਸੇਵਾ ਵਿਚ ਭੀ ਆਪ ਨੇ ਹਿੱਸਾ ਪਾਇਆ । ਇਸ ਤਰ੍ਹਾਂ ਸੇਵਾ ਭਗਤੀ ਕਰਦਿਆਂ ਬਹੁਤ ਸਮਾਂ ਲੰਘ ਗਿਆ । ਇਕ ਦਿਨ ਆਇਆ ਕਿ ਸਿਖ ਦੀ ਗੁਰੂ ਨੇ ਪ੍ਰੀਖਿਆ ਲੈਣੀ ਸੀ । ਹਰ ਇਕ ਗੁਰਸਿਖ ਦੀ ਪ੍ਰੀਖਿਆ ਹੋਣੀ ਲਾਜ਼ਮੀ ਹੈ । ਪਰ ਅਰਦਾਸ ਇਹੋ ਹੈ ਕਿ ਪਰਚਾ ਭੀ ਆਪੇ ਪਾਉਣ ਵਾਲੇ ਹੋ ਤੇ ਪਾਸ ਭੀ ਆਪ ਹੀ ਕਰੋ ਜੀ ! ਗੁਰੂ ਆਪ ਹੀ ਸਹਾਈ ਹੋਵੇ ਤਾਂ ਪ੍ਰੀਖਿਆ ਪਾਸ ਕਰ ਹੁੰਦੀ ਹੈ ।

ਸੋ ਇਕ ਦਿਨ ਪੰਚਮ ਪਾਤਸ਼ਾਹ ਜੀ ਚੌਧਰੀ ਲੰਗਾਹ ਦੇ ਆਉਣ ਅਤੇ ਚਲੇ ਜਾਣ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਸਾਹਿਬ ਚਲੇ ਗਏ । ਚੌਧਰੀ ਜੀ ਨੂੰ ਪਤਾ ਨਾ ਲਗਿਆ । ਅਗਲੇ ਦਿਨ ਜਦੋਂ ਨੇਮ ਅਨੁਸਾਰ ਚੌਧਰੀ ਤਰਨ-ਤਾਰਨ ਪੁਜਾ ਤਾਂ ਅਗੋਂ ਪਾਤਸ਼ਾਹ ਨਾ ਮਿਲੇ । ਪਤਾ ਕਰਕੇ ਸ੍ਰੀ ਅੰਮ੍ਰਿਤਸਰ ਨੂੰ ਰਵਾਨਾ ਹੋ ਪਿਆ । ਤਰਨ ਤਾਰਨ ਤੋਂ ਅੰਮ੍ਰਿਤਸਰ ੧੪ ਮੀਲ ਦੀ ਵਾਟ ਹੈ । ਭੁਖੇ ਤਿਹਾਏ ਅੰਮ੍ਰਿਤਸਰ ਪੁਜਾ । ਉਥੇ ਇਸ ਦੇ ਪਹੁੰਚਦੇ ਸਾਰ ਹੀ, ਜਿਵੇਂ ਸਾਹਿਬਾਂ ਨੇ ਪਹਿਲਾਂ ਹੀ ਮਿਥਿਆ ਹੋਇਆ ਹੁੰਦਾ ਹੈ, ਗੁਰੂ ਕੇ ਮਹਿਲਾਂ ਪਾਸ ਜਾ ਕੇ ਪਤਾ ਲਗਾ ਕਿ ਸਤਿਗੁਰ ਜੀ ਥੋੜਾ ਚਿਰ ਹੀ ਹੋਇਆ ਕਿ ਸੁਆਰ ਹੋ ਕੇ ਤਰਨ-ਤਾਰਨ ਪਰਤ ਗਏ ਹਨ। ਵਿਚਾਰਾ ਭੁੱਖਾ ਭਾਣਾ, ਨੰਗੀਂ ਪੈਰੀਂ, ਸਿਰ ਤੇ ਮਟਕੀ ਰਖੀ, ਫਿਰ ਵਾਪਸ ਤਰਨ-ਤਾਰਨ ਜੀ ਵਲ ਵਗ ਤੁਰਿਆ । ਅਜ ਸਿਖ ਨੂੰ ਗੁਰੂ ਦਰਸ਼ਨ ਕਰਨ ਲਈ ੨੫-੩੦ ਕੋਹ ਵਾਟ ਕਰਨੀ ਪਈ (੪੦-੪੫ ਮੀਲ) । ਇਹ ਤਾਂ ਧਰਤੀ ਤੇ ਪੈਂਡਾ ਸੀ, ਹੁਕਮ ਤਾਂ ਹੈ—

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ,
ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥(੭੫੭)

ਮਾਨੋ ਨਿਤ ਗੁਰੂ-ਦਰਸ਼ਨ ਕਰਨੇ ਉਨ੍ਹਾਂ



www.AKJ.Org

ਸਮਿਆਂ ਤੋਂ ਹੀ ਗੁਰੂ ਘਰ ਦੀ ਸਿਖ ਪ੍ਰਤੀ ਮਰਯਾਦਾ ਚਲੀ ਆਉਂਦੀ ਹੈ। ਭਾਈ ਲੰਗਾਹ ਭੁੱਖਾ ਤਿਹਾਇਆ ਤਰਨ ਤਾਰਨ ਪੁਜਾ। ਦਰਸ਼ਨ ਕੀਤੇ, ਐਡੇ ਵਡੇ ਆਦਮੀ ਦਾ ਇਸ ਪ੍ਰਕਾਰ ਸਿਦਕ ਪਾਲਣਾ ਤੇ ਗੁਰੂ ਦੀ ਭੈ-ਭਾਵਨੀ ਵਿਚ ਰਹਿਣਾ ਸਾਡੇ ਲਈ ਇਕ ਅਦੁੱਤੀ ਪੂਰਨਾ ਹੈ। ਪੰਚਮ ਪਾਤਸ਼ਾਹ ਜੀ ਨੇ ਪ੍ਰਸੰਨ ਹੋ ਕੇ, ਸਿਖ ਦੀ ਪਿਛਲੀ ਘਾਲ ਕਮਾਈ ਤੇ ਸੇਵਾ ਨੂੰ ਮੁਖ ਰਖਦਿਆਂ, ਆਪ ਨੂੰ ਗਲੇ ਨਾਲ ਲਗਾਇਆ।

ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਣੈ ॥੪॥੩॥੪॥

[ਗਉੜੀ ਗੁ: ਮ: ੪—੧੬੪

ਤੇ ਬਚਨ ਕੀਤਾ "ਭਾਈ ਲੰਗਾਹ ਨਿਹਾਲ, ਨਿਹਾਲ, ਨਿਹਾਲ। ਤੇਰੀ ਘਾਲ ਪੂਰੀ ਹੋਈ। ਹੁਣ ਤੂੰ ਰੋਜ਼ ਇਸ ਤਰ੍ਹਾਂ ਦੀ ਖੇਚਲ ਨਾ ਕਰਿਆ ਕਰ। ਜਦੋਂ ਜੀ ਕਰੇ, ਦਰਸ਼ਨ ਮੇਲੇ ਲਈ ਆ ਜਾਇਆ ਕਰੋ। ਹੁਕਮ ਮੰਨ ਕੇ ਚੌਧਰੀ ਹੁਣ ਸਮੇਂ ਸਮੇਂ, ਦਿਨ ਦਿਹਾਰ ਤੇ ਮਹਾਰਾਜ ਜੀ ਦੇ ਦਰਸ਼ਨ ਕਰਦਾ ਰਿਹਾ ਤੇ ਸੇਵਾ ਵਿਚ ਹੱਥ ਵਟਾਂਦਾ ਰਿਹਾ। ਆਪਣੀ ਬੀੜ ਵਿਚੋਂ ਇਕ ਟੁਕੜਾ ਗੁਰੂ ਸਾਹਿਬ ਜੀ ਦੇ ਪਸ਼ੂਆਂ ਲਈ ਅਡ ਕਰ ਦਿਤਾ, ਜਿਥੇ ਬਾਬਾ ਬੁੱਢਾ ਜੀ ਸਤਿਗੁਰੂ ਜੀ ਦੇ ਮਾਲ ਦੀ ਰਖਵਾਲੀ ਕਰਨ ਲਈ ਰਹਿਣ ਲਗ ਪਏ। ਇਸ ਨੂੰ ਅਜ ਕਲ ਬੀੜ ਬਾਬਾ ਬੁੱਢਾ ਸਾਹਿਬ ਕਹਿੰਦੇ ਹਨ।

ਸਿਖ ਦਾ ਪਿਆਰ ਅਤੇ ਸਰਕਾਰੀ ਨੌਕਰੀ, ਇਹ ਦੋ ਵਖ ਵਖ ਚੀਜ਼ਾਂ ਹਨ। ਕਹਿੰਦੇ ਹਨ, ਬੰਦਾ ਇਕ ਵਕਤ ਤੇ ਇਕੋ ਹੀ ਮਾਲਕ ਦਾ ਵਫ਼ਾਦਾਰ ਰਹਿ ਸਕਦਾ ਹੈ ("One cannot serve two masters at the same time")। ਸੋ ਜਿੰਨਾ ਚਿਰ ਤਾਂ ਸਰਕਾਰ ਸਿਖੀ ਦੇ ਉਲਟ ਨਾ ਹੋਵੇ ਤਦ ਤਕ ਤਾਂ ਕੰਮ ਸੁਖਾਵਾਂ ਹੀ ਚਲਦਾ ਰਹਿੰਦਾ ਹੈ, ਪਰ ਜਦੋਂ ਸਰਕਾਰ ਉਲਟ ਹੋ ਜਾਏ ਤਾਂ ਸਿਖ ਨੂੰ ਇਹ ਫ਼ੈਸਲਾ ਕਰਨਾ ਪੈਂਦਾ ਹੈ ਕਿ ਉਹ ਹੁਣ ਕਿਸ ਦਾ ਵਫ਼ਾਦਾਰ ਬਣੇ ? ਵੇਲੇ ਦੀ ਸਰਕਾਰ ਦਾ ਜਾਂ ਆਪਣੇ ਗੁਰੂ ਦਾ ?

ਭਾਈ ਲੰਗਾਹ ਦੇ ਸਾਹਮਣੇ ਭੀ ਇਹੋ ਮਸਲਾ ਉਦੋਂ ਪੇਸ਼ ਆਇਆ ਜਦੋਂ ਮੁਗ਼ਲ ਸਰਕਾਰ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਹੋ ਗਈ। ਖੁਸਰੋ ਦੀ ਬਗ਼ਾਵਤ ਦੇ ਸਿਲਸਿਲੇ ਵਿਚ ਅਨੇਕਾਂ ਬੰਦੇ ਬੇਦੋਸ਼ੇ ਭੀ ਫਾਹੇ ਲਾਏ ਗਏ। ਸਤਿਗੁਰ ਜੀ ਉਤੇ ਭੀ ਇਸ ਰਾਜ-ਰੌਲੇ ਦੇ ਸਮੇਂ ਦੋਸ਼ ਲਾਇਆ ਗਿਆ ਕਿ ਆਪ ਭੀ ਖ਼ੁਸਰੋ ਦੇ ਹਮਾਇਤੀ ਸਨ। ਭਾਵੇਂ ਇਹ ਕਾਰਾ ਪ੍ਰਿਥੀਏ ਦਾ ਹੀ ਸੀ, ਪਰ ਸਤਿਗੁਰੂ ਜੀ ਨੂੰ ਬਾਗ਼ੀ ਦਾ ਹਮਾਇਤੀ ਜਾਣ ਕੇ ਫੜ ਲਿਆ ਗਿਆ। ਉਸ ਸਮੇਂ ਪੰਜ ਸਿਖ ਸਤਿਗੁਰ ਜੀ ਨਾਲ ਲਾਹੌਰ ਜੇਲ੍ਹ ਵਿੱਚ ਕੈਦ ਹੋਏ ਸਨ। ਉਹਨਾਂ ਵਿਚੋਂ ਇਕ ਉਸ ਹਕੂਮਤ ਦਾ ਡਿਪਟੀ ਕਮਿਸ਼ਨਰ ਚੌਧਰੀ ਲੰਗਾਹ ਭੀ ਸੀ।

ਹਕੂਮਤ ਵਲੋਂ ਬਾਗ਼ੀ ਦੇ ਹਮਾਇਤੀਆਂ ਦੀ ਜਾਇਦਾਦ, ਮਾਲ-ਮਤਾ ਸਭ ਜ਼ਬਤ ਕੀਤਾ ਜਾਂਦਾ ਸੀ। ਚੌਧਰੀ ਜੀ ਨੂੰ ਇਹ ਪਤਾ ਸੀ ਕਿ ਇਸ ਮੌਕੇ ਬਾਗ਼ੀ ਦੇ ਹਮਾਇਤੀ ਬਣ ਕੇ, ਨਾਲ ਜੇਲ੍ਹ ਜਾਣ ਦਾ ਮੁੱਲ ਬੜਾ ਮਹਿੰਗਾ ਪੈ ਸਕਦਾ ਹੈ। ਪਰ ਆਪਣੀ ਚੌਧਰ, ਆਪਣੀ ਜਾਇਦਾਦ, ਰੁਤਬਾ, ਮਾਲ-ਮਤਾ, ਸਭ ਕੁਝ ਦੇ ਖੁਸ ਜਾਣ ਦਾ ਉਸ ਨੂੰ ਜ਼ਰਾ ਭੀ ਭੈ ਨਾ ਆਇਆ ਅਤੇ ਸਤਿਗੁਰੂ ਜੀ ਦਾ ਸਾਥ ਨਹੀਂ ਛਡਿਆ।

ਇਸ ਮੌਕੇ ਤਾਂ ਆਪ ਨੂੰ ਹਕੂਮਤ ਨੇ ਸ਼ਾਇਦ ਕੁਝ ਭੀ ਨਾ ਕਿਹਾ। ਜਹਾਂਗੀਰ ਦਾ ਸਮਾਂ ਲੰਘ ਗਿਆ। ਉਸ ਦੇ ਮਰਨ ਤੋਂ ਬਾਅਦ ਫਿਰ ਰਾਜ-ਰੌਲਾ ਪਿਆ। ਸ਼ਾਹੀ-ਫ਼ੌਜਾਂ ਅਤੇ ਗੁਰੂ ਕੀਆਂ ਫ਼ੌਜਾਂ ਵਿਚਕਾਰ ਅੰਮ੍ਰਿਤਸਰ ਸਾਹਿਬ ਵਿਚ ਭਾਰੀ ਟੱਕਰ ਹੋਈ, ਭਾਵੇਂ ਇਸ ਲੜਾਈ ਵਿਚ ਸ਼ਾਹੀ ਫ਼ੌਜਾਂ ਨੂੰ ਹਾਰ ਹੀ ਹੋਈ ਪਰ ਗੁਰੂ ਜੀ ਨੇ ਕਿਸੇ ਕਾਰਨ-ਵਸ ਸ੍ਰੀ ਅੰਮ੍ਰਿਤਸਰ ਛਡਣਾ ਹੀ ਉਚਿਤ ਸਮਝਿਆ। ਜਿਸ ਤੇ ਅੰਮ੍ਰਿਤਸਰ ਸ਼ਹਿਰ ਨੂੰ ਸ਼ਾਹੀ ਫ਼ੌਜਾਂ ਨੇ ਖ਼ੂਬ ਲੁਟਿਆ।

ਇਹ ਉਹੀ ਸਮਾਂ ਸੀ ਜਦੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਸਪੁਤਰੀ ਬੀਬੀ ਵੀਰੋ ਦੇ ਅਨੰਦ ਕਾਰਜ ਹੋਣੇ ਸਨ। ਉਧਰੋਂ ਬਰਾਤ ਆ ਰਹੀ ਹੈ, ਉਧਰ ਲੜਾਈ ਦੇ ਬਿਗਲ ਵਜ ਰਹੇ ਹਨ। ਐਸੇ ਸਮੇਂ ਗੁਰੂ ਜੀ ਨੇ ਚੁਤਰਫੀਂ ਨਜ਼ਰ ਦੁੜਾਈ ਤਾਂ



www.AKJ.Org

ਉਹਨਾਂ ਨੂੰ ਭਾਈ ਲੰਗਾਹ ਦਾ ਘਰ ਹੀ ਸਭ ਤੋਂ ਜ਼ਿਆਦਾ ਸੁਰੱਖਿਅਤ ਅਸਥਾਨ ਦਿਸਿਆ। ਬਿਨਾਂ ਭਾਈ ਲੰਗਾਹ ਦੀ ਸਲਾਹ ਪੁਛੇ, (ਸਲਾਹ ਪੁਛਣ ਦਾ ਵਕਤ ਭੀ ਕਿਥੇ ਸੀ), ਆਪਣੇ ਪਰਿਵਾਰ ਨੂੰ ਚੁਭਾਲ ਪਿੰਡ ਭੇਜ ਦਿਤਾ, ਅਤੇ ਬਰਾਤ ਨੂੰ ਹੁਕਮ ਕਰ ਭੇਜਿਆ ਕਿ ਉਹ ਚੌਧਰੀ ਲੰਗਾਹ ਦੀ ਹਵੇਲੀ ਚਲੇ ਜਾਣ।

ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਮੁਕਾਬਲੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਜ਼ਾਹਰਾ ਤੌਰ ਤੇ ਰਾਜ-ਵਿਦਰੋਹੀ ਤੇ ਬਾਗੀ ਮੰਨੇ ਗਏ ਸਨ ਅਤੇ ਉਹਨਾਂ ਦੇ ਬਾਲ ਪਰਿਵਾਰ ਨੂੰ ਆਪਣੇ ਪਾਸ ਪਨਾਹ ਦੇਣਾ, ਵੇਲੇ ਦੀ ਸਰਕਾਰ ਦੀਆਂ ਨਜ਼ਰਾਂ ਵਿਚ ਬਹੁਤ ਵੱਡਾ ਅਪਰਾਧ ਸੀ। ਆਮ ਦੇਖਣ ਵਿਚ ਆਇਆ ਹੈ ਕਿ ਇਹੋ ਜਿਹੇ ਵੇਲੇ ਗਰੀਬ ਆਦਮੀ ਤਾਂ ਫਿਰ ਭੀ ਨਿਧੜਕ ਹੁੰਦਾ ਹੈ, ਪਰ ਜਿਤਨਾ ਵਡਾ ਤੇ ਅਮੀਰ ਹੁੰਦਾ ਹੈ ਉਸ ਨੂੰ ਉਤਨਾ ਜ਼ਿਆਦਾ ਡਰ ਹੁੰਦਾ ਹੈ। ਪਰ ਧੰਨ ਭਾਈ ਲੰਗਾਹ, ਜਿਨ੍ਹਾਂ ਨੂੰ ਗੁਰੂ ਚਰਨਾਂ ਦੀ ਛੋਹ ਨੇ ਤਤ-ਗਿਆਨ ਬਖਸ਼ ਦਿਤਾ ਸੀ, ਜ਼ਰਾ ਨਹੀਂ ਡਰਿਆ। ਗੁਰੂ ਸਾਹਿਬ ਦੇ ਪਰਵਾਰ ਨੂੰ ਪਨਾਹ ਦਿਤੀ, ਬਰਾਤ ਦਾ ਸਵਾਗਤ ਕੀਤਾ। ਇਧਰ ਗੁਰੂ ਜੀ ਸੂਰਜ-ਡੁਬਦੇ ਤਕ ਸ਼ਾਹੀ ਫ਼ੌਜਾਂ ਨਾਲ ਲੜਦੇ ਰਹੇ ਤੇ ਹਨੇਰਾ ਪਏ ਤੇ ਚੁਭਾਲ ਵਲ ਰਵਾਨਾ ਹੋਏ। ਜਿਸ ਤੋਂ ਬਾਅਦ ਸ਼ਾਹੀ ਸੈਨਾ ਨੇ ਸ਼ਹਿਰ ਲੁਟਿਆ। ਸਤਿਗੁਰੂ ਜੀ ਅਧੀ ਕੁ ਰਾਤੇ ਪਿੰਡ ਚੁਭਾਲ ਪੁਜੇ।

ਉਥੇ ਪੁਜ ਕੇ ਸਵੇਰੇ ਅੰਮ੍ਰਿਤ ਵੇਲੇ ਬੀਬੀ ਵੀਰੋ ਜੀ ਦਾ ਅਨੰਦ ਕਾਰਜ ਕੀਤਾ ਗਿਆ ਅਤੇ ਸੂਰਜ ਚੜ੍ਹਦਿਆਂ ਹੀ ਜਨੇਤ ਨੂੰ ਤੋਰ ਦਿਤਾ ਗਿਆ। ਅਜ ਤਕ ਚੁਭਾਲ ਪਿੰਡ ਵਿਚ ਉਸ ਦਿਨ ਦੀ ਯਾਦ ਚਾਰ ਲਾਵਾਂ ਦਾ ਪਾਠ ਕਰ ਕੇ ਮਨਾਈ ਜਾਂਦੀ ਹੈ। ਚੌਧਰੀ ਲੰਗਾਹ ਦੇ ਮਹੱਲ ਅੰਦਰ ਜਿੱਥੇ ਇਹ ਅਨੰਦ ਕਾਰਜ ਹੋਇਆ ਸੀ, ਹੁਣ ਗੁਰਦੁਆਰਾ ਹੈ। ਲਾਗੇ ਹੀ ਚੌਧਰੀ ਜੀ ਦੇ ਢਾਹ ਢੇਰੀ ਮਕਾਨ ਹਨ।

ਅਨੰਦ ਕਾਰਜ ਦੇ ਮਗਰੋਂ ਗੁਰੂ ਜੀ ਤਾਂ ਪਰਿਵਾਰ ਸਮੇਤ ਡਰੋਲੀ ਨੂੰ ਚਲੇ ਗਏ, ਪਿਛੋਂ ਚੌਧਰੀ ਲੰਗਾਹ ਦਾ ਤੇ ਉਸ ਦੇ ਪਰਿਵਾਰ ਦਾ ਕੀ ਬਣਿਆ? ਇਸ ਦਾ ਕੋਈ ਪਤਾ ਨਹੀਂ। ਪਰ ਇਹ ਗੱਲ ਨਿਸਚੇ ਹੀ ਸੱਚ ਹੈ ਕਿ ਚੌਧਰੀ ਲੰਗਾਹ ਨੇ ਆਪਣਾ ਤਨ-ਮਨ-ਧਨ ਸਭ ਕੁਝ ਗੁਰੂ ਨੂੰ ਸਉਂਪ ਕੇ, ਸਚੀ ਸੁਚੀ ਸੇਵਾ ਕਰ ਕੇ, ਸਿਦਕ ਭਰੋਸੇ ਦੇ ਉਚੇ ਸੁਚੇ ਪੂਰਨੇ ਪਾਏ ਤੇ ਰਹਿੰਦੀ ਦੁਨੀਆ ਤਕ ਮਿਸਾਲ ਕਾਇਮ ਕੀਤੀ।

ਇਸ ਤੋਂ ਥੋੜਾ ਚਿਰ ਮਗਰੋਂ ਆਪ ਚੜ੍ਹਾ-ਈਆਂ ਕਰ ਗਏ। ਇਸੇ ਤਰ੍ਹਾਂ ਇਸ ਪਰਿਵਾਰ ਵਿੱਚ ਗੁਰੂ ਘਰ ਨਾਲ ਪਿਆਰ ਤੁਰਦਾ ਆਇਆ। ਔਰੰਗ-ਜ਼ੇਬ ਤੋਂ ਪਿਛੋਂ ਜਦੋਂ ਖ਼ਾਲਸੇ ਤੇ ਭੀੜ ਪਈ, ਤੇ ਸਿਖ ਦੇ ਸਿਰ ਦਾ ਮੁਲ ਤਕ ਨੀਯਤ ਕਰ ਦਿਤਾ ਗਿਆ ਸੀ, ਉਸ ਸਮੇਂ ਦੇ ਹਿੰਦੂ ਚੌਧਰੀ ਸਿਖਾਂ ਨੂੰ ਫੜਾਉਣ ਵਿਚ ਬੜਾ ਫ਼ਖ਼ਰ ਸਮਝਦੇ ਸਨ। ਪਰ ਇਤਿਹਾਸ ਗਵਾਹ ਹੈ ਕਿ ਚੁਭਾਲ ਦੇ ਚੌਧਰੀਆਂ ਨੇ ਇਸ ਕੰਮ ਵਿਚ ਕਦੀ ਭੀ ਹਿਸਾ ਨਹੀਂ ਪਾਇਆ, ਜਿਸ ਕਰਕੇ ਉਹਨਾਂ ਦੀ ਚੌਧਰ ਖੁਸ ਗਈ ਤੇ ਰਾਜ ਦਰਬਾਰ ਵਿਚ ਮਾਨ ਸਨਮਾਨ ਭੀ ਜਾਂਦਾ ਰਿਹਾ। ਪਿਛੋਂ ਇਸੇ ਪਰਿਵਾਰ ਦੇ ਸ: ਬਘੇਲ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਜੋ ਸੇਵਾ ਕੀਤੀ ਹੈ ਉਹ ਸੂਰਜ ਵਾਂਗ ਸਦਾ ਚਮਕਦੀ ਰਹੇਗੀ। ਇਹੋ ਜਿਹੇ ਭੀ ਗੁਰੂ ਕੇ ਲਾਲ ਹੋ ਚੁਕੇ ਹਨ ਜੋ ਤਨ ਮਨ ਧਨ ਸਭ ਗੁਰੂ ਕਾ ਹੀ ਸਮਝਦੇ ਹਨ। 'ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ।''

# ਪਿੰਡ ਬੇਦਾਦਪੁਰ ਨੇੜੇ ਬਾਬਾ ਬਕਾਲਾ ਵਿਖੇ ਰੈਣ-ਸਬਾਈ ਕੀਰਤਨ

ਪਿੰਡ ਬੇਦਾਦਪੁਰ ਵਿਚ ਭਾਈ ਬੂੜ ਸਿੰਘ ਜੀ ਦੇ ਗ੍ਰਹਿ ਵਿਖੇ ੧੨ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਇਹ ਪਿੰਡ ਨੈਸ਼ਨਲ ਕਾਲਜ ਸਠਿਆਲਾ ਦੇ ਲਾਗੇ ਹੈ। ਟਰਾਲੀ ਦਾ ਪਰਬੰਧ ਹੋਵੇਗਾ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ।



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ

[ਵਲੋਂ :—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

## ੧. ਪੰਡਿਤ ਬ੍ਰਿਜ ਨਾਥ—

ਤਾਂ ਇਕ ਦਿਨ ਬਾਪੂ ਕਾਲੂ ਫੇਰ ਪ੍ਰੋਹਿਤ ਨੂੰ ਮਿਲਿਆ ਤੇ ਆਖਣ ਲਗਾ : ਪੰਡਿਤਾ ! ਭਲਾ ਟੇਵਾ ਲਾਇਓ ਈ ! ਪੁੱਤ ਮੇਰਾ ਕਮਲਿਆਂ ਵਾਂਙੂ ਪਿਆ ਰਹਿੰਦਾ ਏ । ਪਾਂਧੇ ਦੇ ਵੀ ਨਹੀਓਂ ਜਾਂਦਾ, ਪੜ੍ਹਦਾ ਵੀ ਨਹੀਂ, ਕੁਝ ਕਰਦਾ ਬੀ ਨਹੀਓਂ । ਗਿਆਨ ਘੋਟਦਾ ਏ, ਫ਼ੁਕਰਿਆਂ ਫ਼ਕੀਰਾਂ ਨਾਲ । ਦੱਸ ਕਿਵੇਂ ਕਰਾਂ ? ਸਿਆਣਾ ਏਂ, ਕੋਈ ਰਾਹ ਦੱਸ !

ਤਦ ਹਰਦਿਆਲ ਨੇ ਕਿਹਾ : ਜੇ ਗਿਆਨ ਦੀਆਂ ਗੱਲਾਂ ਕਰਦਾ ਜੇ ਇਸ ਉਮਰੇ ਤਾਂ ਕੋਈ ਵੱਡਾ ਰਿਖੀ ਏ ਕਿ ਅਵਤਾਰ ਏ । ਰੁਚੀ ਉਸ ਦੀ ਉੱਚੀਆਂ ਗੱਲਾਂ ਵਲ ਏ ਤਾਂ ਪੰਡਿਤ ਬ੍ਰਿਜ ਨਾਥ ਕੋਲ ਲੈ ਜਾ, ਜੋ ਸੰਸਕ੍ਰਿਤ ਬੋਲੀ ਪੜ੍ਹਾ ਦੇਵੇ ਸੁ । ਪੜ੍ਹ ਕੇ ਵੱਡਾ ਪੰਡਿਤ ਬਣ ਜਾਏਗਾ । ਓਂਞ ਵੀ ਬਾਲ ਦੀ ਰੁਚੀ ਵਾਲੇ ਪਾਸੇ ਬਾਲ ਨੂੰ ਲਾਇਆਂ ਬਾਲ ਚੰਗਾ ਪਰਚ ਜਾਂਦਾ ਏ ਤੇ ਸਿਆਣਾ ਹੋ ਜਾਂਦਾ ਏ ।

ਪੰਡਿਤ ਦੀ ਗੱਲ ਮੰਨ ਕੇ ਪਿਤਾ ਕਾਲੂ ਆਪਣੇ ਪੁੱਤ ਨੂੰ ਪੰਡਿਤ ਬ੍ਰਿਜ ਨਾਥ ਪਾਸ ਲੈ ਗਿਆ । ਪੰਡਿਤ ਅੱਗੇ ਹੀ ਲੋਚਦਾ ਸੀ ਕਿ ਜਿਸ ਬਾਲਕੇ ਦੀਆਂ ਸਾਰੇ ਨਗਰ ਵਿਚ ਗੱਲਾਂ ਹੁੰਦੀਆਂ ਹਨ, ਮੇਰੇ ਕੋਲ ਆਵੇ ਤਾਂ ਵੇਖਾਂ ਕੀਹ ਗੱਲ-ਬਾਤ ਹੈ । ਸੋ ਉਸ ਨੇ ਆਦਰ ਨਾਲ ਪਾਸ ਬਹਾਲ ਲਿਆ ਤੇ ਅੱਖਰ ਪਾ ਦਿਤੇ, ਜਿਨ੍ਹਾਂ ਨੂੰ ਦੇਵ ਨਾਗਰੀ ਆਖਦੇ ਹਨ ਤੇ ਜਿਸ ਵਿਚ ਔਖੀ ਬੋਲੀ ਸੰਸਕ੍ਰਿਤ ਹੀ ਲਿਖਦੇ ਹਨ । ਪਰ ਦੇਖੋ ਰੱਬੀ ਬਾਲਕੇ ਨੇ ਉਹ ਅੱਖਰ ਬੀ ਝਟ ਪਟ ਲਿਖ ਲਏ । ਜੋ ਪੰਡਿਤ ਪਾ ਦੇਵੇ ਉਹ ਝਟ ਪੜ੍ਹ ਲਵੇ । ਪੰਡਿਤ ਹਰਿਆਨ ਹੋ ਜਾਵੇ ਕਿ ਏਡੀ ਮਤਿ ਇਸ ਨੂੰ ਕਿਥੋਂ ਮਿਲ ਪਈ ।

ਇਕ ਦਿਨ ਕੋਈ ਕਾਗਤ ਹੱਥ ਵਿਚ ਵੇਖ ਕੇ ਬਾਪੂ ਕਾਲੂ ਜੀ ਨੇ ਪੁੱਛਿਆ : ਇਹ ਕੀ ਏ ? ਆਖਣ ਲੱਗੇ : ਸਪਤ ਸ਼ਲੋਕੀ ਏ । ਪਿਤਾ ਹਰਿਆਨ ਹੋ ਗਿਆ ਕਿ ਐਡੀ ਛੋਟੀ ਕਾਕਾ ਐਨਾ ਕੀਕੂੰ ਪੜ੍ਹ ਗਿਆ । ਉਹ ਨਾਲ ਲੈ ਕੇ ਕਾਕਾ ਜੀ ਨੂੰ ਪੰਡਿਤ ਪਾਸ ਗਿਆ ਤੇ ਸਾਰੀ ਗੱਲ ਜਾ ਦੱਸੀ । ਪੰਡਿਤ ਨੇ ਕਿਹਾ—ਕਾਕਾ ਜੀ ! ਪੜ੍ਹੋ ਤਾਂ ਸਹੀ । ਤਦ ਬਾਲਕੇ ਨੇ ਉਹ ਪੜ੍ਹ ਸੁਣਾਈ ਤੇ ਅਰਥ ਬੀ ਕਰ ਦਿੱਤੇ । ਪੰਡਿਤ ਤਾਂ ਹੱਕਾ ਬੱਕਾ ਹੋ ਕੇ ਪੈਰੀਂ ਢੈ ਪਿਆ ਤੇ ਆਖਣ ਲੱਗਾ : ਰੱਖ ਲਈਂ ਦਾਸ ਨੂੰ, ਰੱਖ ਲਈਂ, ਤੂੰ ਤਾਂ ਉਹੋ ਹੈਂ, ਉਹੋ ਹੈਂ, ਜਿਸ ਦੀ ਇਹ ਸਪਤ ਸ਼ਲੋਕੀ ਹੈ ।

ਇਸ ਵੇਲੇ ਰੱਬੀ ਬਾਲਕਾ ਚੁੱਪ ਕਰ ਕੇ ਚਲਾ ਗਿਆ ਸੀ, ਜਾਂਦੇ ਦਾ ਪਤਾ ਬੀ ਨਾ ਸੀ ਲੱਗਾ । ਆਪਣੀ ਉਮਰ ਦੇ ਬਾਲਾਂ ਵਿਚ ਜਾ ਖੇਡਿਆ । ਫੇਰ ਬਾਲਕੇ ਜੀ ਆਪਣੇ ਸਾਰੇ ਸਾਥੀ ਬਾਲਕਾਂ ਨੂੰ ਘਰ ਲੈ ਆਏ । ਤ੍ਰਿਕਾਲਾਂ ਹੋ ਗਈਆਂ ਸਨ, ਰੋਟੀ ਪੱਕ ਚੁੱਕੀ ਸੀ, ਸੋ ਸਾਰੇ ਸਾਥੀਆਂ ਨੂੰ ਖੁਆ ਕੇ ਟੋਰ ਦਿੱਤਾ । ਮਾਂ ਨੇ ਪੁੱਤ ਦੇ ਸਾਥੀ ਬਾਲਕਾਂ ਨੂੰ ਪਿਆਰ ਨਾਲ ਰੋਟੀ ਖੁਆਈ।

['ਬਾਲਮ ਸਾਖੀਆਂ' ਪੁਸਤਕ ਵਿਚੋਂ ਧੰਨਵਾਦ ਸਹਿਤ

**ਚਿਟ ਨੰਬਰ ਬਹੁਤ ਜ਼ਰੂਰੀ ਹੈ**—ਅਸੀਂ ਹਰ ਮਹੀਨੇ ਭਜੇ ਜਾਂਦੇ ਪਰਚੇ ਤੇ ਤੁਹਾਡੇ ਐਡਰੈਸ ਦੇ ਨਾਲ ਚਿਟ ਨੰਬਰ ਲਿਖ ਕੇ ਭੇਜਦੇ ਹਾਂ । ਆਪ ਜੀ ਕਿਰਪਾ ਕਰ ਕੇ ਕੋਈ ਵੀ ਪੱਤਰ ਭੇਜੋ ਜਾਂ ਮਨੀਆਰਡਰ ਭੇਜੋ ਤਾਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ।

**ਮਨੀਆਰਡਰ ਸਮੇਂ**—ਜੇ ਕਿਤੇ ਚਿਟ ਨੰਬਰ ਨਾ ਹੀ ਯਾਦ ਰਹੇ ਤਾਂ ਮਨੀਆਰਦਰ ਦੇ ਕੂਪਨ ਤੇ ਆਪਣਾ ਐਡਰੈਸ ਪੂਰਾ ਜ਼ਰੂਰ ਲਿਖੋ ਅਤੇ ਇਹ ਵੀ ਦਸੋ ਕਿ ਪਰਚਾ ਪਹਿਲੇ ਤੋਂ ਚਾਲੂ ਹੈ ਜਾਂ ਨਵਾਂ ਹੈ ।

**ਪਰਚੇ ਗੁਆਚਦੇ ਹਨ**—ਬੜੀ ਚੈਕਿੰਗ ਕਰ ਕੇ ਭੇਜਣ ਦੇ ਬਾਵਜੂਦ ਵੀ ਹਰ ਮਹੀਨੇ ਕਈ ਸਜਣਾਂ ਦੇ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ । ਜਿਸ ਸਜਣ ਦਾ ਪਰਚਾ ਗੁਮ ਹੋ ਜਾਏ, ਉਹ ਆਪਣਾ ਚਿਟ ਨੰਬਰ ਦੇ ਕੇ ਹੋਰ ਪਰਚਾ ਭੇਜਣ ਲਈ ਉਸੇ ਮਹੀਨੇ ਹੀ ਸਾਨੂੰ ਕਾਰਡ ਪਾਵੇ, ਦੁਬਾਰਾ ਪਰਚਾ ਭੇਜ ਦਿਆਂਗੇ ।

www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ

[ਵਲੋਂ :—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

## ੬. ਰਾਜਾ ਫ਼ਤੇ ਚੰਦ ਮੈਣੀ—

ਇਕ ਸੀ ਸੋ ਰਾਜਾ ਸੀ। ਇਹ ਖਤ੍ਰੀ ਸੀ। ਇਸ ਦੀ ਜ਼ਾਤ ਮੈਣੀ ਸੀ। ਇਹ ਬੀ ਪਟਣੇ ਹੀ ਰਹਿੰਦਾ ਸੀ। ਬਹੁਤ ਭੋਆਂ ਦਾ ਮਾਲਕ। ਇਹ ਫ਼ੌਜਾਂ ਵਾਲਾ ਰਾਜਾ ਨਹੀਂ ਸੀ; ਵਡਾ ਜ਼ਿਮੀਦਾਰ ਭੋਆਂ ਵਾਲਾ ਤੇ ਪੈਸੇ ਵਾਲਾ ਹੋਣ ਕਰਕੇ ਏਸ ਨੂੰ ਸਰਕਾਰ ਵਲੋਂ ਰਾਜਾ ਕਰਕੇ ਲਿਖਿਆ ਜਾਂਦਾ ਸੀ। ਸਰਕਾਰ ਵਲੋਂ ਇਹ ਅੱਖਰ ਉਸ ਦੇ ਨਾਂ ਨਾਲ ਲਿਖਣ ਤੇ ਬੋਲਣ ਦਾ ਹੁਕਮ ਜਾਰੀ ਹੋ ਗਿਆ ਸੀ।

ਇਹ ਰਾਜਾ ਤੇ ਇਸ ਦੀ ਵਹੁਟੀ ਬਹੁਤੇ ਭਲੇ ਲੋਕ ਹੈਸਨ। ਏਸੇ ਤਰ੍ਹਾਂ ਦਾ ਹੀ ਰਾਜਾ ਸ਼ਿਵ ਦੱਤ ਸੀ। ਉਹ ਬ੍ਰਾਹਮਣ ਸੀ। ਇਹਨਾਂ ਦੋਹਾਂ ਦਾ ਪਿਆਰ ਹੈਸੀ। ਪਰ ਫ਼ਤੇ ਚੰਦ ਖੱਤ੍ਰੀ ਹੋਣ ਕਰਕੇ ਸ਼ਿਵਦੱਤ ਬ੍ਰਹਮਣ ਦਾ ਅਦਬ ਰਖਦਾ ਤੇ ਮੱਥਾ ਟੇਕਦਾ ਹੁੰਦਾ ਸੀ।

ਫਤੇ ਚੰਦ ਦੇ ਘਰ ਉਲਾਦ ਨਹੀਂ ਸੀ। ਉਹ ਸੋਚਦਾ ਹੁੰਦਾ ਸੀ ਕਿ ਮੇਰੇ ਮਰ ਜਾਣ ਮਗਰੋਂ ਮੇਰੀਆਂ ਭੋਆਂ, ਪੈਸੇ, ਮਾਲ ਮਿਲਖ ਕੌਣ ਸਾਂਭੇਗਾ। ਸੋ ਕਦੇ ਕਦੇ ਸ਼ਿਵਦੱਤ ਨੂੰ ਕਹਿੰਦਾ ਹੁੰਦਾ ਸੀ ਕਿ ਮੇਰੇ ਲਈ ਭਗਵਾਨ ਨੂੰ ਆਖ ਜੋ ਮੈਨੂੰ ਇਕ ਪੁੱਤ ਦੇ ਦੇਵੇ। ਸ਼ਿਵਦੱਤ ਆਖੇ, ਰਾਜਾ ਮੈਂ ਤਾਂ ਬਤੇਰਾ ਜ਼ੋਰ ਲਾਇਆ ਹੈ, ਪਰ ਪੇਸ਼ ਕੋਈ ਨਹੀਂ ਜਾਂਦੀ। ਹੁਣ ਸ਼ਿਵਦੱਤ ਨੇ ਰਾਜੇ ਨੂੰ ਆਖਿਆ: ਭਾਈ ਭਗਵਾਨ ਤੇ ਹੁਣ ਧਰਤੀ ਤੇ ਰੂਪ ਵਾਲਾ ਹੋ ਕੇ ਆ ਗਿਆ ਹੈ। ਮੈਨੂੰ ਸਮਾਧੀ ਵਿਚ ਵੀ ਦਿੱਸ ਪਿਆ ਏ ਤੇ ਮੈਂ ਅੱਖਾਂ ਨਾਲ ਵੇਖ ਕੇ ਪੂਰੀ ਨਿਸ਼ਾ ਖ਼ਾਤਰ ਬੀ ਕਰ ਲਈ ਏ, ਕੋਈ ਰਤੀ ਰਵਾਲ ਜਿੰਨਾ ਸ਼ੁਬ੍ਹਾ ਨਹੀਓਂ ਰਿਹਾ।

ਪੰਡਤ ਜੀ ਸਾਹਿਬਜ਼ਾਦੇ ਜੀ ਨੂੰ 'ਬਾਲਾ ਪ੍ਰੀਤਮ' ਕਿਹਾ ਕਰਦੇ ਸਨ। ਸੋ ਉਹਨਾਂ ਨੇ 'ਫਤੇ ਚੰਦ' ਨੂੰ ਨਾਮ ਦੱਸ ਦਿੱਤਾ, ਪਰ ਹੋਰ ਪਤਾ ਕੁਛ ਨਾ ਦੱਸਿਆ। ਜਦ ਉਸ ਪੁਛਿਆ ਤਾਂ ਕਹਿਣ ਲੱਗਾ: ਤੁਸੀਂ ਦੁਇ ਵਹੁਟੀ ਗੱਭਰੂ ਉਹਨਾਂ ਨੂੰ ਯਾਦ ਕਰਿਆ ਕਰੋ। ਅੱਖਾਂ ਮੀਟ ਕੇ ਬੈਠੋ, ਜੋ ਮੰਗਣਾ ਚਾਹੋ ਮੰਗਿਆ ਕਰੋ; ਓਹ ਮੰਗ ਪੂਰੀ ਕਰਨਗੇ ਤੇ ਆਪੇ ਤੁਸਾਂ ਨੂੰ ਆ ਮਿਲਣਗੇ।

ਸੋ ਹੁਣ ਤੋਂ ਫਤੇ ਚੰਦ ਤੇ ਉਸਦੀ ਵਹੁਟੀ ਨੇ ਬਾਲਾ-ਪ੍ਰੀਤਮ ਦਾ ਨਾਮ ਲੈਣਾ; ਅੱਖਾਂ ਮੀਟ ਕੇ ਬੈਠ ਕੇ ਮਿੰਨਤਾਂ ਕਰਨੀਆਂ; 'ਆਓ ਦਰਸ਼ਨ ਦਿਓ; ਪੁਤ੍ਰ ਬਖਸ਼ੋ; ਬਾਲਾ ਪ੍ਰੀਤਮ ਜੀ ਆਓ! ਆਓ!' ਇਸ ਤਰ੍ਹਾਂ ਸ਼ਿਵਦੱਤ ਦੇ ਇਹ ਨਾਉਂ ਲੈਣ ਨਾਲ ਸਤਿਗੁਰ ਜੀ ਦੇ ਸੋਹਣੇ ਬਾਲਕੇ ਦਾ ਨਾਉਂ ਲੋਕਾਂ ਦੇ ਸੱਦਣ ਵਿਚ 'ਬਾਲਾ ਪ੍ਰੀਤਮ' ਵੀ ਪੈ ਗਿਆ ਸੀ।

ਕਿੰਨਾ ਚਿਰ ਰਾਜਾ ਰਾਣੀ ਬੇਨਤੀਆਂ ਕਰਦੇ ਰਹੇ ਆਪਣੇ ਘਰ ਸੁਹਣੇ ਮੰਦਰ ਵਿਚ ਬੈਠੇ ਹੋਏ; ਪਰ ਨਾ ਤਾਂ ਬਾਲਾ ਪ੍ਰੀਤਮ ਜੀ ਆਏ, ਨਾ ਉਹਨਾਂ ਦੇ ਘਰ ਕੋਈ ਬਾਲ ਜੰਮਿਆ।

ਇਕ ਦਿਨ ਫਤੇ ਚੰਦ ਨੇ ਆਪਣੀ ਵਹੁਟੀ ਨੂੰ ਕਿਹਾ ਕਿ ਭਾਗਵਾਨੇ, ਮੈਂ ਤਾਂ ਹੁਣ 'ਪੁਤ' ਕੋਈ ਨਹੀਂ ਮੰਗਦਾ, ਮੈਂ ਤਾਂ ਬਾਲਾ ਪ੍ਰੀਤਮ ਤੇ ਉਹਨਾਂ ਦਾ ਦਰਸ਼ਨ ਮੰਗਦਾ ਹਾਂ, ਜੋ ਓਹ ਇਕ ਵੇਰੀ ਮੈਨੂੰ ਦਿੱਸ ਪੈਣ ਤੇ ਮੈਂ ਮੱਥਾ ਟੇਕ ਲਵਾਂ। ਮੇਰਾ ਭਰੋਸਾ ਬੱਝ ਗਿਆ ਹੈ ਕਿ ਮੈਂ ਜੇ ਮੱਥਾ ਚਰਨਾਂ ਨੂੰ, ਸੁਹਣੇ ਸੁਹਣੇ ਕਦਮਾਂ ਨੂੰ, ਲਾ ਲਿਆ ਤਾਂ ਮੈਂ ਦੁਨੀਆਂ ਵਿਚ ਸੁਖੀ ਹੋ ਜਾਵਾਂਗਾ ਤੇ ਮਰ ਕੇ ਅੱਗੇ ਜਾ ਕੇ ਬੀ ਸੁਖੀ ਰਹਾਂਗਾ, ਕੀਹ ਕਰਨਾ ਹੈ ਪੁੱਤ ਨੂੰ ਤੇ ਦੌਲਤ ਨੂੰ, ਸਭੋ ਕੁਛ ਤਾਂ ਛੱਡ ਜਾਈਦਾ ਹੈ। ਇਹ ਗੱਲਾਂ ਸੁਣ ਕੇ ਫਤੇ ਚੰਦ ਮੈਣੀ ਦੀ ਵਹੁਟੀ, ਜਿਸ ਨੂੰ ਮੈਣਿਆਣੀ ਆਖਦੇ ਸਨ, ਨੇ ਬੀ ਪੁੱਤ੍ਰ ਦੀ ਮੰਗ ਛੋੜ ਦਿੱਤੀ। ਹੁਣ ਡਾਢੇ ਪਿਆਰ ਵਿਚ ਬੈਠ ਕੇ ਬਾਲਾ ਪ੍ਰੀਤਮ ਦਾ ਦਰਸ਼ਨ ਮੰਗਿਆ ਕਰਨ।

ਬਾਲਾ ਪ੍ਰੀਤਮ ਨਾਮ ਸ਼ਿਵਦੱਤ ਨੇ ਕਿਉਂ ਰੱਖਿਆ ਸੀ ? 'ਪ੍ਰੀਤਮ' ਆਖਦੇ ਹਨ ਡਾਢੇ ਪਿਆਰੇ ਨੂੰ, ਭਗਤ ਲੋਕ ਰੱਬ ਜੀ ਨੂੰ ਪ੍ਰੀਤਮ ਕਰਕੇ ਬੀ ਬੋਲਦੇ



www.AKJ.Org

ਹਨ, ਸਭ ਤੋਂ ਵੱਧ ਜੁ ਪਿਆਰਾ ਹੋਇਆ; ਤੇ ਬਾਲਾ ਆਖਦੇ ਹਨ ਬਾਲਕ ਨੂੰ, ਨਿਕੇ ਜਿਹੇ ਨੂੰ, ਨਾਲੇ ਫ਼ਾਰਸੀ ਵਾਲੇ ਬਾਲਾ ਵਡੇ ਨੂੰ ਆਖਦੇ ਹਨ। ਸ਼ਿਵਦੱਤ ਆਖਦਾ ਸੀ 'ਬਾਲਾ' : ਕਿ ਦਿੱਸਦੇ ਹਨ ਨਿੱਕੇ ਜਿਹੇ ਬਾਲਕੇ ਪਰ ਹੈਨ ਸਭ ਤੋਂ ਉਚੇ ਤੇ ਵਡੇ। ਇਸ ਕਰਕੇ ਆਖਦਾ ਸੀ 'ਬਾਲਾ ਪ੍ਰੀਤਮ'।

ਸੋਈ ਹੁਣ ਫਤੇ ਚੰਦ ਜੀ ਤੇ ਰਾਣੀ, ਦੁਇ ਆਖਣ ਤੇ ਯਾਦ ਕਰਨ ਅਤੇ ਇਹੋ ਨਾਂ ਲੈ ਲੈ ਕੇ ਵਾਜਾਂ ਮਾਰਨ। ਜਦ ਅੱਖਾਂ ਮੀਟ ਕੇ ਚੁਪ ਚਾਪ ਧਿਆਨ ਲਾ ਕੇ ਬੈਠਣ ਤਦ ਬੀ ਇਹੋ ਦੋ ਅੱਖਰ 'ਬਾਲਾ ਪ੍ਰੀਤਮ' ਕਹਿ ਕਹਿ ਕੇ ਮਨ ਦੀ ਮੰਗ ਮੰਗੀ ਜਾਣ। ਪਰ ਹੁਣ ਮੰਗ ਇਕੋ ਸੀ—ਦਰਸ਼ਨ ਦਿਓ।

ਇਕ ਦਿਨ ਫਤੇ ਚੰਦ ਤੇ ਰਾਣੀ ਅੱਖਾਂ ਨੂਟ ਕੇ 'ਬਾਲਾ-ਪ੍ਰੀਤਮ' ਦਾ ਧਿਆਨ ਜੋੜਦੇ ਮਸਤ ਹੋ ਗਏ। ਜਿਵੇਂ ਹੋਸ਼ ਹੀ ਨਹੀਂ ਰਹਿੰਦੀ। ਪਰ ਇਹ ਹੋਸ਼ ਇੰਨੀ ਕੁ ਅਜ ਹੈਸੀ:—ਦਰਸ਼ਨ ਦਿਓ। ਅਚਾਨਕ ਕੀ ਹੋਇਆ ਕਿ ਰਾਣੀ ਦੇ ਗਲੇ ਗਲਵੱਕੜੀ ਪੈ ਗਈ ਤੇ ਗੋਦੀ ਵਿਚ ਕੋਈ ਬਾਲਕ ਬੈਠ ਗਿਆ ਤੇ ਇਸ ਬਾਲਕ ਨੇ ਡਾਢੀ ਮਿੱਠੀ ਸੱਦ ਕੰਨ ਵਿਚ ਦਿੱਤੀ:— **'ਮਾਂ'**

ਰਾਣੀ ਦੇ ਕੰਨਾਂ ਵਿਚ 'ਮਾਂ' 'ਮਾਂ' ਅੱਖਰ ਗੂੰਜ ਪਿਆ, ਤ੍ਰਬ੍ਹਕ ਕੇ ਅੱਖ ਖੁਲ੍ਹ ਗਈ, ਨੀਝ ਲਾ ਲਾ ਅੱਖਾਂ ਪੱਟ ਪੱਟ ਵੇਖੇ ਤਾਂ ਕੀ ਵੇਖੇ ਕਿ ਬਾਲਾ ਪ੍ਰੀਤਮ ਆਪ ਗੋਦੀ ਵਿਚ ਆ ਬੈਠਾ ਹੈ ਤੇ ਉਸ ਨੂੰ 'ਮਾਂ' ਕਹਿ ਰਿਹਾ ਹੈ। ਵੇਖੋ ਬਈ, ਨਾਲੇ ਤਾਂ ਬਾਲਾ ਪ੍ਰੀਤਮ ਦੇ ਦਰਸ਼ਨ ਹੋ ਗਏ, ਨਾਲੇ ਉਹ ਪੁਤ ਹੋ ਕੇ ਗੋਦੀ ਵਿਚ ਆ ਬੈਠਾ ਹੈ। ਪੁੱਤ ਵੀ ਮਿਲ ਪਿਆ ਤੇ 'ਗੋਬਿੰਦ ਰੂਪ' ਆਪ ਗੋਬਿੰਦ ਬੀ ਮਿਲ ਪਿਆ। ਮਾਂ ਹੁਣ ਡਾਢੇ ਸੁਆਦ ਵਿਚ ਦੈਵੀ ਬਾਲਕੇ ਨੂੰ ਘੁਟ ਘੁਟ ਕੇ ਮਗਨ ਹੋ ਗਈ, ਸਮਝੋ ਸੁਆਦ ਵਿਚ ਸੁਆਦ ਲੈਂਦੀ ਲੈਂਦੀ ਡੁੱਬ ਗਈ।

ਬਾਲਾ ਪ੍ਰੀਤਮ ਨਾਲ ਕਈ ਮੁੰਡੇ ਹੋਰ ਆਏ ਸਨ ਖੇਡਦੇ ਖਾਡਦੇ। ਓਹ ਬਾਹਰ ਵੇਹੜੇ ਵਿਚ ਖੜੇ ਇਹ ਕੌਤਕ ਦੇਖ ਕੇ ਕਿਸੇ ਅਦਬ ਵਿਚ ਆਏ ਚੁਪ ਖੜੋਤੇ ਸਨ, ਏਨੇ ਨੂੰ ਪੰਡਿਤ ਸ਼ਿਵਦੱਤ ਜੀ ਆ ਗਏ। ਉਨ੍ਹਾਂ ਨੂੰ ਓਹ ਸ੍ਵਾਦ ਆਇਆ ਕਿ ਖੜੇ ਹੋ ਗਏ ਤੇ ਗਾਉਣ ਲਗ ਪਏ :—

ਤੂੰਹੀ ਤੂੰਹੀ ਤੂਹੀ ਤੂਹੀ ਤੂਹੀ!

ਹੁਣ ਬਾਲਾ ਪ੍ਰੀਤਮ ਜੀ ਉਠੇ, ਖੜੇ ਹੋ ਗਏ ਤੇ ਡਾਢੀ ਮਿਠੀ ਸੁਰ ਵਿਚ ਬੋਲਣ ਲਗ ਪਏ ਜਿਵੇਂ ਮਿਠਾ ਮਿਠਾ ਰਾਗ ਹੁੰਦਾ ਏ; ਤੂੰਹੀ, ਤੂੰਹੀ, ਤੂੰਹੀ, ਤੂੰਹੀ, ਤੂੰਹੀ!

ਥੋੜਾ ਚਿਰ ਇਹੋ ਸੁਆਦ ਬੱਝਾ ਰਿਹਾ। ਸਾਰੇ ਸਮਝ ਗਏ ਕਿ ਇਹ ਬਾਲਕ ਨਹੀਂ, ਇਹ ਰਬ ਜੀ ਦਾ ਆਪਣਾ ਪੁੱਤਰ ਏ। ਪਰ ਬਾਲਾ ਪ੍ਰੀਤਮ ਜੀ ਹੁਣ ਆਪਣੇ ਬਾਲਾਂ ਵਾਲੇ ਰੰਗ ਵਿਚ ਆ ਗਏ। ਮੈਣਿਆਣੀ ਨੂੰ ਕਹਿਣ ਲਗੇ: ਮਾਂ! ਮਾਂ! ਭੁੱਖ ਲੱਗੀ ਏ!

ਰਾਣੀ ਨੇ ਆਦਮੀ ਨੂੰ ਕਿਹਾ, ਬਜ਼ਾਰੋਂ ਮਿਠਾਈ ਲਿਆ, ਪਰ ਬਾਲਾ ਪ੍ਰੀਤਮ ਜੀ ਨੇ ਕਿਹਾ—

"ਅੰਦਰ ਪੂਰੀ ਛੋਲੇ ਪਏ ਹਨ, ਉਹੋ ਖਾਸਾਂ!" ਰਾਣੀ ਨੂੰ ਚੇਤਾ ਆ ਗਿਆ ਕਿ ਪੂਰੀ ਛੋਲੇ ਅੰਦਰ ਪਏ ਹਨ। ਝੱਟ ਉਠੀ ਤੇ ਅੰਦਰੋਂ ਸਾਰੇ ਛੋਲੇ ਪੂਰੀਆਂ ਚਕਿ ਲਿਆਈ। ਬਾਲਾ ਪ੍ਰੀਤਮ ਜੀ ਐਉਂ ਪਏ ਜਿਵੇਂ ਕੋਈ ਭੁੱਖਾ ਬਾਲ ਪੈਂਦਾ ਏ, ਪਰ ਵੇਖੋ ਪੂਰੀਆਂ ਛੋਲੇ ਲੈ ਕੇ ਖਾਣ ਨਹੀਂ ਲਗ ਪਏ ਸਨ, ਵਰਤਾਉਣ ਲਗ ਪਏ। ਪਹਿਲੇ ਪੰਡਤ ਜੀ ਨੂੰ ਦਿੱਤੇ, ਫੇਰ ਰਾਜਾ ਫਤੇ ਚੰਦ ਮੈਣੀ ਨੂੰ ਦਿਤੇ, ਜੋ ਆਪ ਦੇ ਚੋਜ ਨੂੰ ਵੇਖ ਵੇਖ ਕੇ ਨਿਹਾਲ ਹੋ ਰਿਹਾ ਸੀ, ਤੇ ਸਦਕੇ ਸਦਕੇ ਪਿਆ ਹੁੰਦਾ ਸੀ, ਕਦੇ ਪੈਰਾਂ ਨੂੰ ਹੱਥ ਲਾ ਲਾ ਆਪਣੇ ਮੱਥੇ ਨੂੰ ਲਾਉਂਦਾ ਸੀ। ਉਸ ਨੇ ਇਹ ਪਦਾਰਥ ਬਾਲਾ ਪ੍ਰੀਤਮ ਜੀ ਦੇ ਹੱਥੋਂ ਲੈ ਕੇ ਸ਼ੁਕਰ ਸ਼ੁਕਰ ਆਖਿਆ। ਉਧਰ ਬਾਲਾ ਪ੍ਰੀਤਮ ਜੀ ਨੇ ਪੰਗਤ ਲੁਆ ਕੇ, ਜਿਹੜੇ ਕੁਝ ਬਾਲਕੇ ਨਾਲ ਆਏ ਸਨ, ਉਨ੍ਹਾਂ ਵਿਚ ਪੂਰੀ ਛੋਲੇ ਵਰਤਾਏ। ਸਾਰਿਆਂ ਵਿਚ ਵਰਤਾ ਕੇ ਇਕ ਪੂਰੀ ਤੇ ਕੁਝ ਛੋਲੇ ਹੱਸ ਹੱਸ ਕੇ ਆਪ ਖਾਧੇ। ਆਖੇ: "ਹਾਂ ਸੁਆਦ ਨੂੰ, ਕੇਡੇ ਸੁਆਦ ਨੂੰ!"

['ਬਾਲਮ ਸਾਖੀਆਂ' ਪੁਸਤਕ ਵਿਚੋਂ ਧੰਨਵਾਦ ਸਹਿਤ



www.AKJ.Org

# 'ਭਗਉਤੀ' ਨਾਮ ਰੂਪੀ ਖੰਡਾ ਹੈ

[ਵਲੋਂ:—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਅਜ ਤੋਂ ਕਾਫ਼ੀ ਸਮਾਂ ਪਹਿਲੋਂ ਭਸੌੜੀਆਂ ਨੇ "ਪ੍ਰਿਥਮ ਭਗਉਤੀ ਸਿਮਰਿ ਕੈ" ਦਾ ਅਰਥ ਭਗਉਤੀ ਦੇਵੀ (ਸ੍ਰੀ ਸਾਹਿਬ) ਕੀਤਾ ਸੀ, ਜਿਸ ਦਾ ਮੂੰਹ-ਤੋੜ ਉਤਰ ਭਾਈ ਸਾਹਿਬ ਜੀ ਨੇ ਇਸ ਲੇਖ ਰਾਹੀਂ ਦਿਤਾ ਸੀ। ਹੁਣ ਗਿਆਨੀ ਭਾਗ ਸਿੰਘ ਜੀ ਨੇ ਪੁਸਤਕ "ਦਸਮ ਗ੍ਰੰਥ ਨਿਰਣੈ" ਵਿਚ ਆਪਣੀ ਮਨ-ਮੰਨੀ ਮਤਸਰੀ ਅਨੁਸਾਰ "ਭਗਉਤੀ" ਦਾ ਅਰਥ ਦੁਰਗਾ ਦੇਵੀ ਕਰ ਮਾਰਿਆ ਹੈ ਅਤੇ ਇਸ ਤਰ੍ਹਾਂ ਸਦੀਆਂ ਤੋਂ ਪੰਥ ਵਿਚ ਚਲੀ ਆ ਰਹੀ ਅਰਦਾਸ ਨੂੰ ਹੀ ਖੰਡਤ ਕਰ ਦਿਤਾ ਹੈ। ਇਹ ਅਰਦਾਸ ਸਿਖ ਕੌਮ ਦੀ ਜਿੰਦ ਜਾਨ ਹੀ ਨਹੀਂ, ਸਗੋਂ ਰੂਹੇ ਰਵਾਨ ਹੈ। ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਸ ਲੇਖ ਵਿਚ ਬਾ-ਦਲੀਲ ਸਿਧ ਕੀਤਾ ਹੈ ਕਿ 'ਭਗਉਤੀ' ਦੇ ਅਰਥ ਭਗਵਤੀ ਦੇਵੀ ਜਾ ਸ੍ਰੀ ਸਾਹਿਬ ਕਦਾਚਿਤ ਨਹੀਂ, ਸਗੋਂ ਨਾਮ ਰੂਪ ਖੰਡਾ ਹੈ, ਜੋ ਖੰਡਾਂ ਬ੍ਰਹਿਮੰਡਾਂ ਵਿਚ ਵਿਚਰ ਰਿਹਾ ਹੈ ਤੇ ਜਿਸਦੀ ਤੁਫ਼ੈਲ ਇਹ ਸਾਰਾ ਪਸਾਰਾ ਹੋਂਦ ਵਿਚ ਆਇਆ ਹੈ। ਇਸ ਲੇਖ ਤੋਂ ਗਿਆਨੀ ਭਾਗ ਸਿੰਘ ਜੀ ਤੇ ਉਸ ਦੇ ਹਾਮੀਆਂ ਨੂੰ ਸੁਮਤ ਆਉਣੀ ਚਾਹੀਦੀ ਹੈ। ਇਹ ਲੇਖ ਭਗਉਤੀ ਦੇ ਅਰਥਾਂ ਬਾਰੇ ਇਕ ਪ੍ਰਮਾਣੀਕ ਸਬੂਤ ਹੈ। —ਸੰਪਾਦਕ

ਸੱਚੇ ਪਾਤਸ਼ਾਹ ਜੀ ਦਾ ਨੌਂ ਖੰਡੀ ਝੰਡਾ ਝੂਲੇਗਾ, ਝੂਲ ਕੇ ਰਹੇਗਾ।

"ਖੰਡਾ ਪ੍ਰਿਥਮੈ ਸਾਜਿ ਕੈ
ਜਿਨ ਸਭ ਸੈਸਾਰੁ ਉਪਾਇਆ।"

ਅਸਲ ਵਿਚ ਭਗਉਤੀ ਅਤੇ ਖੰਡੇ ਵਿਚ ਕੋਈ ਫ਼ਰਕ ਨਹੀਂ ਹੈ। ਪਹਿਲੇ ਭਗਉਤੀ ਦਾ ਅਰਥ, "ਪ੍ਰਿਥਮ ਭਗਉਤੀ ਸਿਮਰਿ ਕੈ" ਖੰਡੇ ਦਾ ਹੀ ਹੈ। ਸਚੇ ਪਾਤਸ਼ਾਹ ਨੇ ਭਗਉਤੀ ਰੂਪ ਖੰਡਾ ਸਾਜ ਕੇ ਹੀ ਦੈਂਤਾਂ ਦਾ ਨਾਸ ਕਰਾਇਆ। ਨਹੀਂ ਤਾਂ ਬਪੁੜੀ ਦੁਰਗਾ ਵਿਚ ਕੁਝ ਸਮਰਥਾ ਹੈ ਨਹੀਂ ਸੀ। ਉਨ੍ਹਾਂ ਨੂੰ ਨਾਸ ਕਰਵਾਣਹਾਰ ਸੱਚੇ ਪਾਤਸ਼ਾਹ ਦਾ ਖੰਡਾ ਹੀ ਸੀ।

ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰੁ ਉਪਾਇਆ ॥ ਬ੍ਰਹਮਾ ਬਿਸਨੁ ਮਹੇਸ਼ ਸਾਜਿ ਕੁਦਰਤਿ ਦਾ ਖੇਲ ਰਚਾਇ ਬਣਾਇਆ ॥ ਸਿੰਧ ਪਰਬਤ ਮੇਦਿਨੀ ਬਿਨ ਥੰਮਾਂ ਗਗਨੁ ਰਹਾਇਆ ॥ ਸਿਰਜੇ ਦਾਨੋ ਦੇਵਤੇ, ਤਿਨ ਅੰਦਰਿ ਬਾਦ ਰਚਾਇਆ ॥ ਤੈਂ ਹੀ ਦੁਰਗਾ ਸਾਜਿ ਕੈ, ਦੈਂਤਾਂ ਦਾ ਨਾਸ ਕਰਾਇਆ ॥ ਤੈਥੋਂ ਹੀ ਬਲ ਰਾਮ ਲੈ, ਨਾਲਿ ਬਾਣਾਂ ਦਹਸਿਰ ਘਾਇਆ ॥ ਤੈਥੋਂ ਹੀ ਬਲ ਕ੍ਰਿਸ਼ਨ ਲੈ ਕੰਸੁ ਕੇਸੀਂ ਪਕੜਿ ਗਿਰਾਇਆ ॥ ਬਡੇ ਬਡੇ ਮੁਨਿ ਦੇਵਤੇ, ਕਈ ਜੁਗ ਤਿਨੀ ਤਨੁ ਤਾਇਆ ॥ ਕਿਨੀ ਤੇਰਾ ਅੰਤ ਨਾ ਪਾਇਆ ॥੨॥

ਸੱਚੇ ਪਾਤਸ਼ਾਹ ਦੇ ਖੰਡੇ ਦਾ ਭਾਵ—ਅਤ ਵਡੇ ਵਡੇ ਦੇਵਤੇ ਨਹੀਂ ਲੈ ਸਕੇ। ਸੋਈ ਖੰਡਾ "ਪ੍ਰਿਥਮ ਭਗਉਤੀ" ਦੇ ਅਰਥ ਵਿਚ ਹੈ। ਤਾਂ ਤੇ ਪਹਿਲੀ ਭਗਉਤੀ ਦਾ ਅਰਥ ਸਾਫ਼ ਖੰਡਾ ਹੈ, ਜੋ ਜ਼ਰੂਰ ਖੜਕ ਕੇ ਰਹੇਗਾ। ਉਹ ਜੋ ਭਸੌੜੀਏ "ਪ੍ਰਿਥਮ ਭਗਉਤੀ" ਦਾ ਅਰਥ ਕਰਦੇ ਹਨ, ਉਹ ਬਿਲਕੁਲ ਅਨਰਥ ਹੈ। ਸਤਿਨਾਮ ਵਾਹਿਗੁਰੂ! ਵਾਹਿਗੁਰੂ ਦਾ ਵਿਸ਼ੇਸ਼ਣ ਸਤਿਨਾਮ ਹੈ। ਭਗਉਤੀ ਦਾ ਅਰਥ "ਪ੍ਰਿਥਮ ਭਗਉਤੀ" ਦੇ ਅਰਥਾਂ ਵਿਚ ਤਦੇ ਫਬਦਾ ਹੈ ਕਿ ਸੱਚੇ ਪਾਤਸ਼ਾਹ ਦਸਮੇਸ਼ ਗੁਰੂ ਦੇ ਫਬਾਇਆਂ ਫਬਦਾ ਹੈ। ਇਸ ਭਗਉਤੀ ਦੇ ਅਰਥ ਖੰਡਾ ਲਏ ਜਾਣ।

ਗੁਰੂ ਦਸਮੇਸ਼ ਜੀ ਦਾ ਸਾਜਿਆ ਖੰਡਾ ਵਾਹਿਗੁਰੂ ਦਾ ਨਾਮ ਹੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਏਸੇ ਖੰਡੇ "ਵਾਹਿਗੁਰੂ" ਨਾਮ ਨੂੰ ਧਿਆਇਆ। "ਪ੍ਰਿਥਮ ਭਗਉਤੀ ਸਿਮਰਿ ਕੈ ਗੁਰੂ ਨਾਨਕ ਲਈ



www.AKJ.Org

ਧਿਆਇ'' ਬਾਕੀ ਦਾ ਸ਼ਬਦ-ਅਰਥ ਇਸੇ ਵੀਚਾਰ ਨਾਲ ਵੀਚਾਰੋ ''ਪ੍ਰਿਥਮ ਭਗਉਤੀ ਸਿਮਰਿ ਕੈ'' ਦਾ ਹੀ ਹੈ। ਬਪੁੜੀ ਦੁਰਗਾ ਅਤੇ ਸ੍ਰੀ ਰਾਮਚੰਦਰ ਤੇ ਸ੍ਰੀ ਕ੍ਰਿਸ਼ਨ ਆਦਿਕ ਦੀ ਕੀ ਪ੍ਰੋਖੋਂ ਸੀ ਕਿ ਆਪੋਂ ਹੀ ਉਹ ਕੁਝ ਕਰ ਸਕਦੇ। ਇਹ ਗੁਰੂ ਦਸਮੇਸ਼ ਜੀ ਦੇ ਵਾਹਿਗੁਰੂ ਨਾਮ-ਰੂਪੀ ਖੰਡੇ ਦਾ ਪ੍ਰਤਾਪ ਹੀ ਸੀ, ਜਿਸ ਨੇ ਸਭ ਕਲਾ ਵਰਤਾਈ। ਤਾਂ ਤੇ ਭਗਉਤੀ ਦਾ ਅਰਥ ਗੁਰੂ ਦਸਮੇਸ਼ ਜੀ ਦੇ ਦਰਸਾਏ ਅਰਥਾਂ ਵਿਚ ਨਿਰਾ ਨਾਮ-ਰੂਪੀ ਖੰਡਾ ਹੀ ਹੈ, ਜੋ ਅਵੱਸ਼ ਝੂਲੇਗਾ ਤੇ ਝੂਲ ਕੇ ਰਹੇਗਾ। ਇਹ ਕੇਵਲ ਨਾਮ ਰੂਪੀ ਸਚੀ ਭਗਉਤੀ ਮਈ ਖੰਡੇ ਦਾ ਪ੍ਰਤਾਪ ਹੀ ਸੀ ਜਿਸ ਨੇ ਦੁਰਗਾ ਆਦਿਕ ਬਪੁੜੀ ਨੂੰ ਸੱਚਾ ਬਲ ਬਖ਼ਸ਼ਿਆ। ਭਗਉਤੀ ਦੇ ਅਰਥਾਂ ਵਿਚ ਦੂਜੀ ਭਗਉਤੀ ਦੇਵੀ ਕੋਈ ਮਾਅਨੇ ਨਹੀਂ ਰਖਦੀ। ਕੀ ਦੁਰਗਾ ਨੇ ਸੱਚੇ ਖੰਡੇ ਦੇ ਨਾਮ ਦਾ ਬਲ ਹੁੰਦਿਆਂ ਹੋਇਆਂ ਦੂਜੀ ਭਗਉਤੀ ''ਸ੍ਰੀ ਸਾਹਿਬ'' ਹੱਥ ਵਿਚ ਲਈ, ਕਦਾਚਿਤ ਨਹੀਂ ? ਬਲਕਿ ਸ੍ਰੀ ਦਸਮੇਸ਼ ਪਾਤਸ਼ਾਹ ਦਾ ਬਲ-ਬੋਤਾ ਬਖਸ਼ੇ ਹੋਏ ਵਾਹਿਗੁਰੂ ਨਾਮ ਖੰਡੇ ਨੂੰ ਹੀ ਪ੍ਰਿਥਮ ਭਗਉਤੀ ਦਾ ਵਰ ਬਖਸ਼ਿਆ।

''ਲਈ ਭਗਉਤੀ ਦੁਰਗਸ਼ਾਹ'' ਦਾ ਅਰਥ ਹੀ ਕੋਈ ਨਹੀਂ ਰਹਿੰਦਾ। ਦਸਮੇਸ਼ ਸਾਹਿਬ ਜੀ ਦੇ ਗੁਰ-ਅਰਥਾਂ ਵਿਚ ਹੋਰ ਕੋਈ ਭਗਉਤੀ ਨਾਮ ਕਿਸ ਤਰ੍ਹਾਂ ਹੋ ਸਕਦੀ ਹੈ ? ਤਾਂ ਤੇ ''ਲਈ ਭਗਉਤੀ ਦੁਰਗਸ਼ਾਹ'' ਐਵੇਂ ਕਹਾਵਤੀ ਹੋ ਜਾਂਦੀ ਹੈ। ਸ੍ਰੀ ਦਸਮੇਸ਼ ਪਾਤਸ਼ਾਹ ਦੇ ਅਰਥਾਂ ਵਿਚ ਬਖਸ਼ੀ ਹੋਈ ਭਗਉਤੀ, ਨਾਮ ਰੂਪੀ ਭਗਉਤੀ ਹੀ ਹੈ। ਭਗਉਤੀ ਦੇ ਅਰਥਾਂ ਵਿਚ ਭਗਉਤੀ ਦੇਵੀ ਸ੍ਰੀ ਸਾਹਿਬ ਭਗਉਤੀ ਦੇ ਨਹੀਂ। ਭਸੌੜੀਆਂ ਦੀ ਫ਼ਜ਼ੂਲ ਜਿਹੀ ਕਾਢ ਹੈ।

ਭਗਉਤੀ ਨੇ ''ਸ੍ਰੀ ਸਾਹਿਬ'' ਭਗਉਤੀ ਕੀ ਫੜਨੀ ਸੀ। ਇਹ ਸਭ ਚਲਤ ਰਚਾਇਆ ਦਸਮੇਸ਼ ਜੀ ਨੇ, ਜਿਸ ਤਰ੍ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਕਾ ਫੇਰ ਕੇ ਜ਼ਾਹਰ ਕਲਾ ਵਰਤਾਈ। ਅੱਜ ਕਲ੍ਹ ਦੇ ਨਵੀਨ ਕਾਢੂ ਇਹੋ ਕਹਿੰਦੇ ਹਨ, ਬੜੇ ਬੜੇ ਗਿਆਨੀ ਇਹੋ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਮੱਕਾ ਨਹੀਂ ਫੇਰਿਆ, ਲੋਕਾਂ ਦੇ ਦਿਲ ਫੇਰ ਦਿੱਤੇ। ਇਸ ਗੱਲ ਨੂੰ ਨਵੀਂ ਰੌਸ਼ਨੀ ਵਾਲੇ ਛੇਤੀ ਕਬੂਲ ਕਰ ਲੈਂਦੇ ਹਨ। ਸ੍ਰੀ ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਦਿਲ ਆਦਿ ਨਹੀਂ ਫੇਰੇ, ਮੱਕਾ ਫੇਰ ਦਿੱਤਾ ਤੇ ਹੁਣ ਤਕ ਫਿਰਿਆ ਹੋਇਆ ਹੈ, ਜ਼ਾਹਰ ਕਲਾ ਦਿੱਸ ਰਹੀ ਹੈ। ਗੁਰੂ ਨਾਨਕ ਸਾਹਿਬ ਦਾ ਰਾਜ ਨਵਾਂ ਖੰਡਾਂ ਵਿਚ ਫੈਲ ਰਿਹਾ ਹੈ ਅਤੇ ਹੁਣ ਤਕ ਫੈਲ ਰਿਹਾ ਹੈ, ਕਿਸੇ ਦਾ ਹਟਾਇਆ ਨਹੀਂ ਹਟ ਸਕਦਾ। ਇਸੇ ਤਰ੍ਹਾਂ ਗੁਰੂ ਦਸਮੇਸ਼ ਜੀ ਦਾ ਦਰਸਾਇਆ ਖੰਡਾ, ਨਵਾਂ ਖੰਡਾਂ ਵਿਚ ਝੂਲੇਗਾ ਅਤੇ ਕਿਸੇ ਦਾ ਮਿਟਾਇਆ ਨਹੀਂ ਮਿਟ ਸਕਦਾ। ਦ੍ਰਿਸ਼ਟ ਕੂਟ ਦਾ ਲੱਖਣ ਗੁਰੂ ਨਾਨਕ ਦਸਮੇਸ਼ ਜੀ ਹੀ ਲਾਹ ਸਕਦੇ ਹਨ ਕਿ ਕਦੋਂ ਇਹ ਖੰਡਾ ਵਰਤੇਗਾ। ਸਾਡੇ ਪਾਸ ਤਾਂ ਇਨ੍ਹਾਂ ਸ਼ਬਦਾਂ ਦੀ ਰੌਸ਼ਨੀ ਵਿਚ ਹੀ ਇਹ ਸਬੂਤ ਕਾਫ਼ੀ ਹੈ ਕਿ ਨੌਖੰਡੀ ਝੰਡਾ ਸ੍ਰੀ ਦਸਮੇਸ਼ ਜੀ ਦਾ ਜ਼ਰੂਰ ਵਰਤੇਗਾ ਅਤੇ ਐਸਾ ਵਰਤੇਗਾ ਕਿ ਇਕ ਦਿਨ ਦੁਨੀਆ ਯਾਦ ਕਰੇਗੀ। ਵਰਤਦਾ ਕਦੋਂ ਹੈ ਅਤੇ ਕਿਸ ਘੜੀ ਹੈ, ਇਸ ਗੱਲ ਦਾ ਟੀਚਾ ਗੁਰੂ ਨਾਨਕ ਦਸਮੇਸ਼ ਸੱਚੇ ਪਾਤਸ਼ਾਹ ਹੀ ਲਾ ਸਕਦੇ ਹਨ। ਸਾਨੂੰ ਤਾਂ ਇਤਨਾ ਯਕੀਨ ਹੀ ਕਾਫ਼ੀ ਹੈ ਕਿ ਖੰਡਾ ਜ਼ਰੂਰ ਵਰਤੇਗਾ ਅਤੇ ਨਵਾਂ ਖੰਡਾਂ ਵਿਚ ਵਰਤੇਗਾ।

['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ

# ਨੰਗਲ (ਲੁਧਿਆਣਾ) ਵਿਖੇ ਅਖੰਡਪਾਠ ਤੇ ਰੈਣ-ਸਬਾਈ ਕੀਰਤਨ


ਨੰਗਲ ਨੇੜੇ ਪਿੰਡ ਡੇਹਲੋਂ ਵਿਚ ਦਾਸ ਦੇ ਗ੍ਰਿਹਿ ਵਿਖੇ ੧੦ ਤੋਂ ੧੨ ਮਾਰਚ ਤਕ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ ਹੋਣਗੇ ਅਤੇ ੧੨ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋਣਗੇ। ਦੂਰੋਂ ਨੇੜਿਓਂ ਅਖੰਡ ਕੀਰਤਨੀ ਜੱਥੇ ਹਾਜ਼ਰੀਆਂ ਭਰਨਗੇ। ਸਮੂਹ ਗੁਰਸਿਖ ਮਾਈ ਭਾਈ ਦਰਸ਼ਨ ਬਖ਼ਸ਼ ਕੇ ਦਾਸ ਨੂੰ ਨਿਵਾਜੋ ਜੀ।

ਨੋਟ :—ਡੇਹਲੋਂ ਤੋਂ ਪਿੰਡ ਨੰਗਲ ਡੇਢ ਮੀਲ ਹੈ। ਲੁਧਿਆਣਾ—ਮਲੇਰਕੋਟਲਾ ਸੜਕ ਤੇ ਲੁਧਿਆਣੇ ਤੋਂ ੧੨ ਮੀਲਾਂ ਤੇ ਹੈ। ਡੇਹਲੋਂ ਤੋਂ ਨੰਗਲ ਤਕ ਸਵਾਰੀ ਦਾ ਪਰਬੰਧ ਹੋਵੇਗਾ।

**ਦਾਸਰਾ—ਜਗਤਾਰ ਸਿੰਘ (ਕੈਨੇਡਾ ਵਾਲੇ), ਪਿੰਡ ਨੰਗਲ, ਡਾਕਘਰ ਡੇਹਲੋਂ, ਜ਼ਿਲਾ ਲੁਧਿਆਣਾ**


www.AKJ.Org

# ਸ੍ਰੀ ਨਨਕਾਣੇ ਸਾਹਿਬ ਦਾ ਸ਼ਹੀਦੀ ਸਾਕਾ

[ਵਲੋਂ :—ਗਿਆਨੀ ਪ੍ਰਤਾਪ ਸਿੰਘ ਜੀ, ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ]

ਗੁਰਦਵਾਰਾ ਸੁਧਾਰ ਲਹਿਰ ਵਿਚ ਸ੍ਰੀ ਨਨਕਾਣੇ ਸਾਹਿਬ ਦਾ ਸ਼ਹੀਦੀ ਸਾਕਾ ਨਿਸ਼ਕਾਮ ਕੁਰਬਾਨੀ ਤੇ ਆਪਾ ਵਾਰਨ ਦੀ ਅਦੁਤੀ ਮਿਸਾਲ ਹੈ। ਇਸ ਨੇ ਸਾਰੀ ਸਿਖ ਕੌਮ ਨੂੰ ਇਕ ਹਲੂਣਾ ਦੇ ਦਿਤਾ।

**ਉਦਾਸੀਆਂ ਦਾ ਕਬਜ਼ਾ**—ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਦੀ ਸੇਵਾ ਸਿਖ ਰਾਜ ਤੋਂ ਉਦਾਸੀ ਸਾਧੂ ਕਰਦੇ ਸਨ। ਉਦਾਸੀ ਸਿਖੀ ਦੇ ਪ੍ਰਚਾਰਕ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ 'ਉਦਾਸੀ' ਸ਼ਬਦ ਪ੍ਰਚਲਤ ਹੋਇਆ। ਇਹ ਬਾਬਾ ਸ੍ਰੀ ਚੰਦ ਨੂੰ ਮੁਖੀ ਮੰਨਦੇ ਹਨ। ਬਾਬਾ ਜੀ ਤਿਆਗੀ ਤੇ ਬੀਰ ਰਾਗ ਪੁਰਸ਼ ਸਨ। ਉਨ੍ਹਾਂ ਨੇ ਛੇਵੀਂ ਪਾਤਸ਼ਾਹੀ ਦੇ ਵਕਤ ਆਪਣੇ ਗੁਸੇ ਗਿਲੇ ਮਿਟਾ ਕੇ ਟਿੱਕਾ ਗੁਰਦਿਤਾ ਜੀ ਨੂੰ ਆਪਣੀ ਸੇਲੀ ਟੋਪੀ ਦੇ ਦਿਤੀ। ਟਿੱਕਾ ਜੀ ਤੋਂ ਅਗੇ ਬਾਲੂ, ਹਸਨਾ, ਫੂਲ, ਗੋਂਦਾ ਅਤੇ ਅਲਮਸਤ ਮੁਖੀ ਉਦਾਸੀ ਹੋਏ। ਇਨ੍ਹਾਂ ਨੂੰ ਛੇਵੀਂ, ਸਤਵੀਂ, ਨੌਵੀਂ ਤੇ ਦਸਵੀਂ ਪਾਤਸ਼ਾਹੀ ਦੀਆਂ ਕਈ ਬਖ਼ਸ਼ਸ਼ਾਂ ਹੋਈਆਂ। ਇਸ ਲਈ ਉਦਾਸੀਆਂ ਦੇ ਚਾਰ ਧੂੰਏਂ ਤੇ ਛੇ ਬਖ਼ਸ਼ਸ਼ਾਂ ਪ੍ਰਸਿਧ ਹਨ। ਉਦਾਸੀ ਸਿਖ ਧਰਮ ਦੇ ਪ੍ਰਚਾਰਕ, ਦਸ ਗੁਰੂ ਸਾਹਿਬਾਨ ਨੂੰ ਆਪਣਾ ਗੁਰੂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਹੀ ਮੰਨਦੇ ਤੇ ਪੂਜਦੇ ਸਨ। ਮਹਾਤਮਾ ਸੰਤੋਖ ਦਾਸ, ਪ੍ਰੀਤਮ ਦਾਸ ਆਦਿਕਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਹੰਸਲੀ ਦੀ ਸੇਵਾ ਕੀਤੀ। ਉਦਾਸੀਆਂ ਨੇ ਦੇਸ ਦੇਸਾਂਤ੍ਰਾਂ ਵਿਚ ਸਿਖੀ ਦਾ ਪ੍ਰਚਾਰ ਕੀਤਾ। ਇਕ ਵੇਰ ਮਹਾਰਾਜਾ ਰਣਜੀਤ ਸਿੰਘ ਸ੍ਰੀ ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਗਏ। ਉਨ੍ਹਾਂ ਦੇ ਨਾਲ ਬਾਬਾ ਸਾਹਿਬ ਸਿੰਘ ਜੀ ਬੇਦੀ ਵੀ ਸਨ। ਮਹਾਰਾਜੇ ਨੇ ਉਨ੍ਹਾਂ ਕੋਲੋਂ ਪੁਛਿਆ, "ਦਸੋ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਅਸਥਾਨ ਦੀ ਕੀ ਸੇਵਾ ਕੀਤੀ ਜਾਵੇ ?"

ਬਾਬਾ ਜੀ—"ਗੁਰਦਵਾਰੇ ਦੀ ਸੇਵਾ ਤੇ ਲੰਗਰ ਲਈ ਜ਼ਮੀਨ ਲਾਣੀ ਚਾਹੀਦੀ ਹੈ।" ਮਹਾਰਾਜੇ ਨੇ ਕਿਹਾ, "ਜਿੰਨੀ ਥਾਂ ਵਿਚ ਆਪ ਘੋੜਾ ਫੇਰ ਦਿਓਗੇ, ਉਨੀ ਜ਼ਮੀਨ ਜਨਮ ਅਸਥਾਨ ਨਾਲ ਲਾ ਦਿਤੀ ਜਾਵੇਗੀ।" ਬਾਬਾ ਜੀ ਨੇ ਘੋੜਾ ਫੇਰਿਆ। ਮਹਾਰਾਜੇ ਨੇ ਉਤਨੀ ਜ਼ਮੀਨ ਗੁਰਦਵਾਰੇ ਦੇ ਨਾਂ ਲਾ ਦਿਤੀ।† ਨਹਿਰ ਪੈਣ ਕਰਕੇ ਜ਼ਮੀਨ ਦੀ ਆਮਦਨੀ ਵਧ ਗਈ। ਆਮਦਨੀ ਵਧਣ, ਤੇ ਕੁਝ ਸਮੇਂ ਦੇ ਪ੍ਰਭਾਵ ਕਰ ਕੇ ਨਨਕਾਣੇ ਸਾਹਿਬ ਦੇ ਕਈ ਮਹੰਤ ਸ਼ਰਾਬੀ ਕਬਾਬੀ ਤੇ ਆਚਰਣ ਹੀਣ ਹੋ ਗਏ। ਉਨ੍ਹਾਂ ਨੇ ਪ੍ਰਮੇਸ਼ਰ ਤੇ ਗੁਰੂ ਦਾ ਡਰ ਲਾਹ ਦਿਤਾ।

**ਮਹੰਤਾਂ ਦੀ ਬਦਚਲਣੀ**:—ਨਨਕਾਣੇ ਸਾਹਿਬ ਦਾ ਮਹੰਤ ਸਾਧੂ ਰਾਮ ਬੜਾ ਸ਼ਰਾਬੀ ਕਬਾਬੀ ਸੀ। ਉਹ ਅਯਾਸ਼ੀ ਕਰ ਕੇ ਭਿਆਨਕ ਰੋਗਾਂ ਦਾ ਸ਼ਿਕਾਰ ਹੋ ਗਿਆ। ਸਾਧੂ ਰਾਮ ਦੀ ਮੌਤ ਪਿਛੋਂ ਕਿਸ਼ਨ ਦਾਸ ਮਹੰਤ ਬਣਿਆ। ਉਹ ਵੀ ਘਟ ਨਹੀਂ ਸੀ। ਉਸ ਨੇ ਇਕ ਵੇਸਵਾ ਨਾਲ ਸ਼ਾਦੀ ਕਰ ਲਈ, ਜਿਸ ਚੋਂ ਇਕ ਪੁਤਰ ਹੋਇਆ। ਉਸ ਨੇ ਆਪਣੇ ਭਤੀਜੇ ਦੀ ਸ਼ਾਦੀ ਸਮੇਂ ਜਨਮ ਅਸਥਾਨ ਦੇ ਪਾਸ ਕੰਜਰੀਆਂ ਦਾ ਨਾਚ ਕਰਵਾਇਆ। ਮਹੰਤ ਨੇ ਆਪ ਸ਼ਰਾਬ ਪੀਤੀ ਹੋਈ ਸੀ। ਇਹ ਵੀ ਭਿਆਨਕ ਰੋਗੀ ਸੀ। ਲਾਹੌਰ ਵਿਚ ਕਿਸ਼ਨ ਦਾਸ ਦੀ ਮੌਤ ਹੋ ਗਈ। ਉਸ ਦੀ ਥਾਂ ਨਰਾਇਣ ਦਾਸ ਮਹੰਤ ਬਣਿਆ। ਇਸ ਨੇ ਸੰਗਤ ਦੇ ਕਹਿਣ ਪਰ ਇਕ ਮੈਜਿਸਟ੍ਰੇਟ ਦੇ ਸਾਹਮਣੇ ਇਕਬਾਲ ਕੀਤਾ ਕਿ ਜੋ ਮਾੜੇ ਕੰਮ ਮਹੰਤ ਕਿਸ਼ਨ ਦਾਸ ਕਰਦਾ ਸੀ, ਉਹ ਨਹੀਂ ਕਰੇਗਾ। ਪਰ ਕੁਝ ਚਿਰ ਪਿਛੋਂ ਨਰਾਇਣ ਦਾਸ ਵੀ ਉਸੇ ਤਰ੍ਹਾਂ ਵਿਗੜ ਗਿਆ।

ਮਹੰਤ ਨਰਾਇਣ ਦਾਸ ਨੇ ਇਕ ਮੁਸਲਮਾਨ ਮਿਰਾਸਣ ਰੱਖੀ ਹੋਈ ਸੀ, ਜਿਸ ਤੋਂ ਦੋ ਪੁਤਰ ਤੇ ਦੋ ਧੀਆਂ ਸਨ। ਇਨ੍ਹਾਂ ਦੀ ਰਿਹਾਇਸ਼ ਲਈ ਮਹੰਤ

†੧੯੪੭ ਦੀ ਵੰਡ ਸਮੇਂ ਸ੍ਰੀ ਨਨਕਾਣੇ ਸਾਹਿਬ ਦੇ ਨਾਂ ੭੮੦ ਮੁਰੱਬੇ ਜ਼ਮੀਨ ਸੀ। ਜੋ ਇਸ ਵਕਤ ਪਾਕਿਸਤਾਨ ਸਰਕਾਰ ਦੇ ਕਬਜ਼ੇ ਵਿਚ ਹੈ। —ਲੇਖਕ



www.AKJ.Org

ਨੇ ਵਖਰੇ ਮਕਾਨ ਬਣਾ ਕੇ ਦਿਤੇ ਹੋਏ ਸਨ । ਇਕ ਨਨਕਾਣੇ ਸਾਹਿਬ ਤੇ ਦੂਜਾ ਰਾਮਗਲੀ ਲਾਹੌਰ ਵਿਚ ਸੀ। ਅਗਸਤ ੧੯੧੭ ਵਿਚ ਜਦ ਮਹੰਤ ਨੇ ਜਨਮ ਅਸਥਾਨ ਦੇ ਪਾਸ ਕੰਜਰੀਆਂ ਦਾ ਨਾਚ ਕਰਾਇਆ ਸੀ, ਇਸ ਦੇ ਵਿਰੁਧ ਸਿਖ ਅਖ਼ਬਾਰਾਂ ਨੇ ਲਿਖਿਆ, ਸਿੰਘ ਸਭਾਵਾਂ ਨੇ ਗੁਰਮਤੇ ਪਾਸ ਕੀਤੇ, ਜਿਨ੍ਹਾਂ ਵਿਚ ਸੂਕਾਰ ਤੋਂ ਮੰਗ ਰੀਤੀ ਗਈ ਕਿ ਉਹ ਮਹੰਤ ਨੂੰ ਹਟਾ ਦੇਵੇ। ਪਰ ਕੌਣ ਸੁਣਦਾ ਸੀ ? ੧੯੧੮ ਵਿਚ ਇਕ ਰੀਟਾਇਰਡ ਸਿੰਧੀ ਈ. ਏ. ਸੀ. ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ । ਇਕ ਪੁਜਾਰੀ ਨੇ ਉਸ ਦੀ ੧੩ ਸਾਲ ਦੀ ਲੜਕੀ ਚੁਕ ਲਈ। ਪਰ ਮਹੰਤ ਨੇ ਉਸ ਪੁਜਾਰੀ ਦੇ ਵਿਰੁਧ ਕੋਈ ਕਾਰ-ਵਾਈ ਨਾ ਕੀਤੀ । ਇਸੇ ਸਾਲ ਇਕ ਪੂਰਨਮਾਸ਼ੀ ਤੇ ਇਲਾਕਾ ਜੜ੍ਹਾਂ ਵਾਲੇ ਦੀਆਂ ੬ ਇਸਤ੍ਰੀਆਂ ਜ਼ਨਮ ਅਸਥਾਨ ਦੇ ਦਰਸ਼ਨ ਕਰਨ ਆਈਆਂ । ਪੁਜਾਰੀਆਂ ਨੇ ਉਨ੍ਹਾਂ ਨੂੰ ਲੁਕਾ ਲਿਆ ਤੇ ਉਨ੍ਹਾਂ ਨਾਲ ਮਾੜਾ ਕੰਮ ਕੀਤਾ।

**ਸੁਧਾਰ ਲਈ ਅੰਦੋਲਨ**:—ਅਕਤੂਬਰ ੧੯੨੦ ਵਿਚ ਪਿੰਡ ਧਾਰੋਵਾਲੀ ਜ਼ਿਲਾ ਸ਼ੇਖ਼ੂਪੁਰਾ ਵਿਚ ਇਕ ਦੀਵਾਨ ਹੋਇਆ, ਜਿਸ ਵਿਚ ਨਨਕਾਣੇ ਸਾਹਿਬ ਦੇ ਸੁਧਾਰ ਲਈ ਗੁਰਮਤਾ ਪਾਸ ਕੀਤਾ ਗਿਆ।

ਮਹੰਤ ਨੇ ਆਪਣਾ ਸੁਧਾਰ ਕਰਨ ਦੀ ਥਾਂ ਉਪਦ੍ਰਵ ਕਰਨ ਦੀ ਤਿਆਰੀ ਕਰ ਲਈ। ਉਹ ਰੋਜ਼ ਆਪਣੇ ਪਿੰਡਾਂ ਚੋਂ ੪੦੦ ਆਦਮੀ ਰਾਖੀ ਲਈ ਸਦ ਲੈਂਦਾ ਸੀ। ਬਾਬਾ ਕਰਤਾਰ ਸਿੰਘ ਬੇਦੀ ਨਾਲ ਸਲਾਹ ਕਰ ਕੇ ਮਹੰਤ ਨਰਾਇਣ ਦਾਸ ਨੇ ਨਨਕਾਣੇ ਸਾਹਿਬ ਵਿਚ ਸਾਧਾਂ ਤੇ ਮਹੰਤਾਂ ਦੀ ਇਕ ਇਕੱਤ੍ਰਤਾ ਬੁਲਾਈ, ਜਿਸ ਵਿੱਚ ੬੦ ਆਦਮੀ ਸ਼ਾਮਲ ਹੋਏ । ਇਸ ਵਿਚ ਸੁਧਾਰਕਾਂ ਦਾ ਟਾਕਰਾ ਕਰਨ ਲਈ ਇਕ ਕਮੇਟੀ ਬਣਾਈ ਗਈ। ਪ੍ਰਧਾਨ ਮਹੰਤ ਨਰਾਇਣ ਦਾਸ ਤੇ ਸਕਤ੍ਰ ਮਹੰਤ ਬਸੰਤ ਦਾਸ ਬਣਿਆ । ੬੦ ਹਜ਼ਾਰ ਰੁਪਿਆ ਇਕੱਤ੍ਰ ਕੀਤਾ ਗਿਆ ਤੇ ਲਾਹੌਰ ਤੋਂ ਸੰਤ ਸੇਵਕ ਅਖ਼ਬਾਰ ਜਾਰੀ ਕਰਨ ਦਾ ਫ਼ੈਸਲਾ ਕੀਤਾ।

**ਮਹੰਤ ਦੀ ਤਿਆਰੀ**:—ਕਤਕ ਪੂਰਨਮਾਸ਼ੀ ਸੰਨ ੧੯੨੦ ਈ: ਦੇ ਮੇਲੇ ਤੇ ਮਹੰਤ ਨਰਾਇਣ ਦਾਸ ਨੇ ਆਪਣੇ ਚਾਰ ਪੰਜ ਸੌ ਆਦਮੀਆਂ ਦਾ ਮੁਜ਼ਾਹਰਾ ਕੀਤਾ। ਜਿਸ ਤੇ ਵੀ ਅਕਾਲੀ ਹੋਣ ਦਾ ਸ਼ਕ ਪਿਆ, ਉਸ ਨੂੰ ਜਨਮ ਅਸਥਾਨ ਜਾਣ ਤੋਂ ਰੋਕ ਦਿਤਾ । ਮਹੰਤ ਨੇ ਮਹਾਰਾਜਾ ਪਟਿਆਲਾ ਤੇ ਕਮਿਸ਼ਨਰ ਲਾਹੌਰ ਪਾਸੋਂ ਸਹਾਇਤਾ ਮੰਗੀ, ਪਰ ਉਨ੍ਹਾਂ ਨੇ ਉਸ ਨੂੰ ਕੋਈ ਭਰੋਸਾ ਨਾ ਦਿਵਾਇਆ। ੨੩ ਜਨਵਰੀ ਤੇ ੬ ਫ਼ਰਵਰੀ ੧੯੨੧ ਨੂੰ ਸ੍ਰੀ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਦੇ ਸਮਾਗਮ ਹੋਏ, ਜਿਨ੍ਹਾਂ ਵਿੱਚ ਸ੍ਰੀ ਨਨਕਾਣੇ ਸਾਹਿਬ ਦੇ ਸੁਧਾਰ ਪੁਰ ਵਿਚਾਰ ਹੋਈ। ਉਸ ਵਕਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਸੁੰਦਰ ਸਿੰਘ ਰਾਮਗੜ੍ਹੀਆ ਤੇ ਮੀਤ ਪਰਧਾਨ ਸ: ਹਰਬੰਸ ਸਿੰਘ ਅਟਾਰੀ ਸਨ। ਕਮੇਟੀ ਵਲੋਂ ਮਹੰਤ ਦੇ ਨਾਂ ਇਕ ਖੁਲ੍ਹੀ ਚਿੱਠੀ ਲਿਖੀ ਗਈ ਕਿ ਉਹ ਆਪਣੇ ਆਚਰਣ ਤੇ ਗੁਰਦਵਾਰੇ ਦੇ ਪ੍ਰਬੰਧ ਦਾ ਸੁਧਾਰ ਕਰੇ। ਭਾਈ ਲਛਮਣ ਸਿੰਘ, ਸ: ਦਲੀਪ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਭਾਈ ਕਰਤਾਰ ਸਿੰਘ ਝਬਰ ਤੇ ਸ: ਬਖ਼ਸ਼ੀਸ਼ ਸਿੰਘ ਦੀ ਇਕ ਕਮੇਟੀ ਬਣਾਈ ਗਈ, ਜੋ ਸ੍ਰੀ ਨਨਕਾਣੇ ਸਾਹਿਬ ਵਿਚ ਦੀਵਾਨ ਤੇ ਲੰਗਰ ਦਾ ਪ੍ਰਬੰਧ ਕਰੇ।

ਸਾਰੇ ਪੰਥ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਜੋਸ਼ ਸੀ। ਜ਼ਿਲਾ ਸ਼ੇਖ਼ੂਪੁਰਾ ਤੇ ਲਾਇਲਪੁਰ ਵਿਚ ਦੀਵਾਨ ਕੀਤੇ ਗਏ। ਭਾਈ ਲਛਮਣ ਸਿੰਘ ਸ਼ਹੀਦ ਨੇ ਜੱਥਾ ਤਿਆਰ ਕਰਨਾ ਸ਼ੁਰੂ ਕਰ ਦਿਤਾ। ੧੭ ਫ਼ਰਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦਵਾਰੇ ਵਿਚ ਮੁਖੀ ਸਿੰਘਾਂ ਦੀ ਇਕੱਤ੍ਰਤਾ ਹੋਈ। ਉਸ ਵਿਚ ਜੱਥਾ ਲਿਜਾਣ ਬਾਰੇ ਵਿਚਾਰ ਕੀਤੀ ਗਈ। ਭਾਈ ਲਛਮਣ ਸਿੰਘ ਜੀ, ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਭਾਈ ਕਰਤਾਰ ਸਿੰਘ ਝਬਰ, ਸ: ਤੇਜਾ ਸਿੰਘ ਚੂਹੜਕਾਣਾ, ਸ: ਸੁੱਚਾ ਸਿੰਘ ਜੈਚਕ, ਭਾਈ ਬੂਟਾ ਸਿੰਘ ਚੱਕ ੨੦੪, ਸ: ਰਾਜਾ ਸਿੰਘ ਜੜ੍ਹਾਂਵਾਲਾ ਸਾਰੀ ਤਹਿਰੀਕ ਨੂੰ ਚਲਾ ਰਹੇ ਸਨ।

ਮਹੰਤ ਨਰਾਇਣ ਦਾਸ ਨੇ ੭ ਫ਼ਰਵਰੀ ਨੂੰ ਇਕ ਇਕੱਤ੍ਰਤਾ ਬੁਲਾਈ, ਜਿਸ ਵਿਚ ਆਪਣੇ ਹਮਾਇਤੀ ਇਕੱਠੇ ਕੀਤੇ । ਇਨ੍ਹਾਂ ਵਿਚ ਭੱਟੀ ਮੁਸਲਮਾਨ ਵੀ


www.AKJ.Org

ਸਨ। ਬਾਬਾ ਕਰਤਾਰ ਸਿੰਘ ਬੇਦੀ ਤੇ ਮੰਗਲ ਸਿੰਘ ਕੂਕਾ ਇਸ ਵਿਚ ਸ਼ਾਮਲ ਹੋਏ । ਮਹੰਤ ਨੇ ਬੇਦੀ ਕਰਤਾਰ ਸਿੰਘ ਨਾਲ ਗਲਬਾਤ ਕਰਨ ਲਈ ਸ਼ੇਖ਼ੂਪੁਰੇ ਵਿਚ ਪੁਜਣ ਲਈ ੧੪ ਫ਼ਰਵਰੀ ਤਾਰੀਖ਼ ਨੀਯਤ ਕੀਤੀ। ਪਰ ਉਹ ਆਪ ਨਾ ਪੁਜਾ, ਉਸ ਨੇ ਮਹੰਤ ਜੀਵਨ ਦਾਸ ਨੂੰ ਭੇਜ ਦਿਤਾ। ਸਿੰਘਾਂ ਨੇ ੧੯ ਫ਼ਰਵਰੀ ਨੂੰ ਸ੍ਰੀ ਨਨਕਾਣੇ ਸਾਹਿਬ ਪੁਜਣ ਦਾ ਫ਼ੈਸਲਾ ਕੀਤਾ ਸੀ । ਮਹੰਤ ਨੇ ਇਨ੍ਹਾਂ ਦਿਨਾਂ ਵਿਚ ਇਕ ਕਾਨਫ਼ਰੰਸ ਵੀ ਬਾਬਾ ਕਰਤਾਰ ਸਿੰਘ ਦੀ ਪ੍ਰਧਾਨਗੀ ਵਿਚ ਲਾਹੌਰ ਬੁਲਾਈ । ਉਹ ਸਿੰਘਾਂ ਨੂੰ ਕਤਲ ਕਰਨ ਦੀ ਤਿਆਰੀ ਕਰਨ ਲਗ ਪਿਆ। ਉਸ ਨੇ ੧੪ ਪੀਪੇ ਮਿਟੀ ਦੇ ਤੇਲ ਦੇ ਤੇ ਪੰਜਾਹ ਮਣ ਲਕੜਾਂ ਜਨਮ ਅਸਥਾਨ ਵਿਚ ਰਖਵਾ ਦਿਤੀਆਂ।

'ਅਕਾਲੀ' ਅਖ਼ਬਾਰ ਦੇ ਦਫ਼ਤਰ ਵਿਚ ਮੁਖੀਆਂ ਦੀ ਇਕ ਇਕੱਤ੍ਰਤਾ ਹੋਈ, ਜਿਸ ਵਿਚ ਹਾਲਾਤ ਤੇ ਵੀਚਾਰ ਕੀਤੀ ਗਈ। ਇਸ ਵਿਚ ਫ਼ੈਸਲਾ ਕੀਤਾ ਗਿਆ ਕਿ ਅੰਤਮ ਦਿਨ ਨੀਯਤ ਕੀਤੇ ਬਿਨਾਂ ਕੋਈ ਜੱਥਾ ਨਨਕਾਣੇ ਸਾਹਿਬ ਨਾ ਜਾਵੇ।

ਭਾਈ ਕਰਤਾਰ ਸਿੰਘ ਝੱਬਰ ਤੇ ਸ: ਲਛਮਣ ਸਿੰਘ ਧਾਰੋਵਾਲੀ ਆਪੋ ਆਪਣੇ ਜੱਥੇ ਲੈ ਕੇ ਸ੍ਰੀ ਨਨਕਾਣੇ ਸਾਹਿਬ ਪੁਜਣਾ ਚਾਹੁੰਦੇ ਸਨ। ਭਾਈ ਕਰਤਾਰ ਸਿੰਘ ਨੂੰ ਰੋਕਣ ਲਈ ਇਕ ਆਦਮੀ ਖਰੇ ਸੌਦੇ ਗਿਆ। ਭਾਈ ਲਛਮਣ ਸਿੰਘ ਜੀ ੧੯ ਤਾਰੀਖ਼ ਦੀ ਸ਼ਾਮ ਨੂੰ ਜੱਥਾ ਲੈ ਕੇ ਪਿੰਡੋਂ ਚਲ ਪਏ। ਭਾਈ ਕਰਤਾਰ ਸਿੰਘ ਚੰਦਰ ਕੋਟ ਦੀ ਝਾਲ ਤੇ ਪੁਜੇ। ਦੋਵੇਂ ਜੱਥੇ ਆਪਸ ਵਿਚ ਮਿਲ ਨਹੀਂ ਸਕੇ। ਸਿੰਘ, ਭਾਈ ਲਛਮਣ ਸਿੰਘ ਨੂੰ ਰੋਕਣ ਲਈ ਗਏ। ਭਾਈ ਸਾਹਿਬ ਜੀ ਨਾਲ ਦੋ ਸੌ ਸਿੰਘ ਸਨ। ੬ ਵਜੇ ਸਵੇਰੇ ਉਹ ਸ੍ਰੀ ਨਨਕਾਣੇ ਸਾਹਿਬ ਪੁਜ ਗਏ। 'ਗੁਰਦਵਾਰਾ ਸੁਧਾਰ ਲਹਿਰ' ਵਿਚ ੧੫੦ ਦਾ ਜੱਥਾ ਲਿਖਿਆ ਹੈ। 'ਸ਼ਹੀਦੀ ਜੀਵਨ' ਤੋਂ ਸਿੱਧ ਹੁੰਦਾ ਹੈ ਕਿ ਸਾਰੇ ਸਿੰਘ ਚਾਰ ਜਥਿਆਂ ਦੀ ਸ਼ਕਲ ਵਿਚ ਸਨ। ਇਹ ਜਨਮ ਅਸਥਾਨ ਤੇ ਕਬਜ਼ਾ ਕਰਨ ਲਈ ਗਏ। ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ।

**ਸ਼ਹੀਦੀ ਸਾਕਾ** :—ਮਹੰਤ ਨਰਾਇਣ ਦਾਸ ਨੇ ਕਤਲਾਮ ਦੀ ਤਿਆਰੀ ਕੀਤੀ ਹੋਈ ਸੀ। ਤੇਲ ਦੇ ਪੀਪੇ, ਲਕੜੀਆਂ, ਛਵ੍ਹੀਆਂ, ਗੰਡਾਸੇ ਤੇ ਕਾਰਤੂਸ ਮੰਗਾਏ ਹੋਏ ਸਨ। ਜਦ ਜੱਥਾ ਜਨਮ ਅਸਥਾਨ ਵਿਚ ਦਾਖ਼ਲ ਹੋਇਆ, ਕਾਤਲਾਂ ਨੇ ਸਿੰਘਾਂ ਪਰ ਵਾਰ ਸ਼ੁਰੂ ਕਰ ਦਿਤੇ। ਛੱਤ ਦੇ ਉਤੋਂ ਗੋਲੀਆਂ ਚਲਾਈਆਂ। ਹਰੀ ਦਾਸ ਜੋਗੀ, ਗੁਰਮੁਖ ਦਾਸ, ਲਧੇ, ਰਾਂਝੇ, ਸ਼ੇਰ ਦਾਸ ਆਦਿਕ ਕਾਤਲਾਂ ਨੇ ਸ਼ਾਂਤਮਈ ਸਿੰਘਾਂ ਨੂੰ ਗੋਲੀਆਂ ਨਾਲ ਵਿੰਨ੍ਹ ਦਿਤਾ। ਛਵ੍ਹੀਆਂ ਤੇ ਗੰਡਾਸਿਆਂ ਨਾਲ ਸ਼ਹੀਦ ਕੀਤਾ। ਭਾਈ ਲਛਮਣ ਸਿੰਘ ਜੀ ਜੱਥੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਨ, ਉਨ੍ਹਾਂ ਨੂੰ ਵੀ ਸ਼ਹੀਦ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਕਈ ਗੋਲੀਆਂ ਲੱਗੀਆਂ। ਜਨਮ ਅਸਥਾਨ ਦੀ ਚੁਖੰਡੀ ਦੇ ਦਰਵਾਜ਼ਿਆਂ ਨੂੰ ਕਟਿਆ ਗਿਆ। ਸ਼ਹੀਦ ਸਿੰਘਾਂ ਨੂੰ ਅੰਦਰ ਤੇਲ ਪਾ ਕੇ ਫੂਕਿਆ ਗਿਆ।

ਸ: ਦਲੀਪ ਸਿੰਘ ਜੀ ਸ਼ਹੀਦ, ਸ: ਉਤਮ ਸਿੰਘ ਦੇ ਕਾਰਖ਼ਾਨੇ ਵਿਚ ਸਨ। ਉਨ੍ਹਾਂ ਨੇ ਜਨਮ ਅਸਥਾਨ ਵਿਚ ਗੋਲੀਆਂ ਚਲਣ ਦੀ ਅਵਾਜ਼ ਸੁਣੀ। ਉਹ ਗੁਰੂ-ਪਿਆਰ ਵਿਚ ਜਨਮ ਅਸਥਾਨ ਵਲ ਤੁਰ ਪਏ। ਜਦ ਸਰਦਾਰ ਜੀ ਜਨਮ ਅਸਥਾਨ ਦੇ ਨੇੜੇ ਪੁਜੇ, ਪਾਪੀਆਂ ਨੇ ਛਵ੍ਹੀਆਂ ਮਾਰ ਕੇ ਉਨ੍ਹਾਂ ਨੂੰ ਗੁਰਦਵਾਰੇ ਦੇ ਬਾਹਰ ਆਵੀ ਦੇ ਪਾਸ ਸ਼ਹੀਦ ਕਰ ਦਿਤਾ। ੨੩੦੦ ਰੁਪਏ ਦੇ ਨੋਟ ਉਨ੍ਹਾਂ ਦੀ ਜੇਬ' ਚੋਂ ਨਿਕਲੇ। ਇਸ ਤਰ੍ਹਾਂ ਸ਼ਹੀਦ ਸਿੰਘਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਤੇ ਹੋ ਰਹੇ ਗੁਨਾਹਾਂ ਨੂੰ ਆਪਣੇ ਲਹੂ ਨਾਲ ਧੋਤਾ।

ਇਹ ਸਾਕਾ ਮਿਤੀ ੧੦ ਫਗਣ ਸੰਮਤ ੧੯੭੭ ਬਿਕ੍ਰਮੀ ਮੁਤਾਬਕ ੨੦ ਫ਼ਰਵਰੀ ੧੯੨੧ ਈਸਵੀ ਐਤਵਾਰ ਨੂੰ ਹੋਇਆ। ਸਰਦਾਰ ਉਤਮ ਸਿੰਘ ਜੀ ਕਾਰਖ਼ਾਨੇ ਵਾਲਿਆਂ ਨੇ ਇਸ ਸਾਕੇ ਸੰਬੰਧੀ ਪੰਥਕ ਜਥੇਬੰਦੀਆਂ ਤੇ ਸਰਕਾਰੀ ਅਫ਼ਸਰਾਂ ਨੂੰ ਤਾਰਾਂ ਦਿਤੀਆਂ। ੨੦ ਫ਼ਰਵਰੀ ਨੂੰ ਡਿਪਟੀ ਕਮਿਸ਼ਨਰ ਨਨਾਕਾਣੇ ਸਾਹਿਬ ਪੁਜ ਗਿਆ। ੨੧ ਤਰੀਕ ਨੂੰ ਸ: ਹਰਬੰਸ ਸਿੰਘ ਅਟਾਰੀ, ਪ੍ਰੋ. ਜੋਧ ਸਿੰਘ, ਸ: ਮਹਿਤਾਬ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਤੇ ਬਾਬਾ ਕੇਹਰ ਸਿੰਘ ਪੱਟੀ ਪੁਜੇ।


www.AKJ.Org

ਭਾਈ ਕਰਤਾਰ ਸਿੰਘ ਝੱਬਰ ਜਥੇ ਸਮੇਤ ਸ੍ਰੀ ਨਨਕਾਣੇ ਸਾਹਿਬ ਪੁਜ ਗਏ ਸਨ। ਉਨ੍ਹਾਂ ਦਾ ਜਥਾ ਬਹੁਤ ਜੋਸ਼ ਵਿੱਚ ਸੀ। ਮਿ: ਕਿੰਗ ਕਮਿਸ਼ਨਰ ਲਾਹੌਰ ਨੂੰ ਕਿਹਾ ਗਿਆ ਕਿ ਸ੍ਰੀ ਨਨਕਾਣੇ ਸਾਹਿਬ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦੇਵੇ। ਉਸ ਨੇ ਚਾਬੀਆਂ ਸ: ਹਰਬੰਸ ਸਿੰਘ ਜੀ ਨੂੰ ਦੇ ਦਿਤੀਆਂ। ਸ੍ਰੀ ਨਨਕਾਣੇ ਸਾਹਿਬ ਦਾ ਪ੍ਰਬੰਧ ਪੰਥ ਦੇ ਹਥ ਵਿਚ ਆ ਗਿਆ। ੨੨ ਫ਼ਰਵਰੀ ਨੂੰ ਗਵਰਨਰ ਪੰਜਾਬ ਐਗਜ਼ੈਕਟਿਵ ਕੌਂਸਲ ਦੇ ਮੈਂਬਰਾਂ ਸਮੇਤ ਸ੍ਰੀ ਨਨਕਾਣੇ ਸਾਹਿਬ ਪੁਜੇ। ਗਵਰਨਰ ਨੇ ਇਹ ਸ਼ਹੀਦੀ ਸਾਕਾ ਅੱਖਾਂ ਨਾਲ ਵੇਖਿਆ। ਉਸ ਵਕਤ ਸੰਗਤ ਵਿਚ ਮਿ: ਕਿੰਗ ਕਮਿਸ਼ਨਰ ਵਿਰੁਧ ਬੜਾ ਰੋਸ ਸੀ। ਲੋਕੀ ਕਹਿੰਦੇ ਸਨ, "ਇਹ ਕਾਰਾ ਕਿੰਗ ਨੇ ਵਰਤਾਇਆ ਹੈ। ਪੁਲਸ ਨੂੰ ਸਾਜ਼ਸ਼ ਦਾ ਪਤਾ ਸੀ।" ਏਸੇ ਦਿਨ ਸ਼ਾਮ ਨੂੰ ਸ਼ਹੀਦਾਂ ਦਾ ਅੰਤਮ ਸੰਸਕਾਰ ਕੀਤਾ ਗਿਆ। ਇਕ ਗੁਰਮਤੇ ਰਾਹੀਂ ਬਾਬਾ ਕਰਤਾਰ ਸਿੰਘ ਬੇਦੀ ਨੂੰ ਛੇਕ ਦਿਤਾ ਗਿਆ। ਬਾਅਦ ਵਿਚ ਉਨ੍ਹਾਂ ਨੇ ਇਸ ਭੁਲ ਦੀ ਪੰਥ ਪਾਸੋਂ ਮਾਫ਼ੀ ਮੰਗੀ।

ਨਨਕਾਣੇ ਸਾਹਿਬ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ਬਾਰੇ ਮਤ-ਭੇਦ ਹੈ। ਕਈ ਲੇਖਕਾਂ ਨੇ ਗਿਣਤੀ ੧੨੦, ੧੫੦ ਤੇ ੨੦੦ ਤਕ ਲਿਖੀ ਹੈ। ਸ: ਚਰਨ ਸਿੰਘ ਇਨਸਪੈਕਟਰ ਪੁਲਿਸ ਨੇ ਪੜਤਾਲ ਕਰ ਕੇ ੧੫੬ ਲਿਖੇ ਹਨ। ਸਰਕਾਰੀ ਰਪੋਟਾਂ ਵਿਚ ਗਿਣਤੀ ੧੨੬ ਤੇ ੧੩੦ ਦਿਤੀ ਹੈ। ਸ੍ਰੀ ਨਨਕਾਣੇ ਸਾਹਿਬ ਕਮੇਟੀ ਨੇ ਜੋ ਸ਼ਹੀਦੀ ਜੀਵਨ† ਪ੍ਰਕਾਸ਼ਤ ਕੀਤਾ ਹੈ, ਉਸ ਵਿਚ ਦੋ ਸੌ ਸਿੰਘਾਂ ਦਾ ਜੱਥਾ ਮੰਨਿਆ ਗਿਆ ਹੈ, ਜਿਸ ਵਿਚੋਂ ੮੬ ਸਿੰਘ ਸ਼ਹੀਦ ਹੋਏ ਦਸੇ ਹਨ।

**ਸਾਕੇ ਦਾ ਅਸਰ** :—ਨਨਕਾਣੇ ਸਾਹਿਬ ਦੇ ਸਾਕੇ ਦੀ ਖ਼ਬਰ ਸਾਰੇ ਪੰਥ ਤੇ ਦੇਸ਼ ਵਿਚ ਬੜੇ ਦੁਖ ਨਾਲ ਸੁਣੀ ਗਈ। ਹਜ਼ਾਰਾਂ ਲੋਕੀ ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਲਈ ਚਲ ਪਏ। ਸਾਰੇ ਦੇਸ਼ ਚੋਂ ਸ਼੍ਰੋਮਣੀ ਕਮੇਟੀ ਨੂੰ ਹਮਦਰਦੀ ਦੀਆਂ ਤਾਰਾਂ ਪੁਜੀਆਂ। ਇਸ ਖ਼ਬਰ ਨੇ ਸਿਖਾਂ ਵਿਚ ਜੋਸ਼ ਦੀ ਅਗਨਿ ਪ੍ਰਚੰਡ ਕਰ ਦਿਤੀ। ਸਾਰੇ ਕੌਮੀ ਅਖ਼ਬਾਰਾਂ ਨੇ ਇਸ ਸਾਕੇ ਸਬੰਧੀ ਬੜੇ ਦਰਦਨਾਕ ਲੇਖ ਲਿਖੇ ਪਰ ਅੰਗ੍ਰੇਜ਼ਾਂ ਦੇ ਹਾਮੀ ਐਂਗਲੋ ਇੰਡੀਅਨ ਅਖਬਾਰਾਂ ਨੇ ਸਿਖਾਂ ਦੇ ਵਿਰੁਧ ਪ੍ਰਾਪੇਗੰਡਾ ਕੀਤਾ ਤੇ ਨਨਕਾਣੇ ਸਾਹਿਬ ਦੀ ਸ਼ਹੀਦੀ ਨੂੰ ਇਕ ਸੰਪ੍ਰਦਾਇਕ ਝਗੜਾ ਤੇ ਬਦਅਮਨੀ ਦਸਣ ਦਾ ਬਿਅਰਥ ਜਤਨ ਕੀਤਾ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਖ਼ਾਲਸਾ ਕਾਲਜ ਵਿਚ ਟੈਲੀਫ਼ੋਨ ਕੀਤਾ ਕਿ ਨਨਕਾਣੇ ਸਾਹਿਬ ਵਿਚ ਕੇਵਲ ੨੦ ਸਿੰਘ ਮਾਰੇ ਗਏ ਹਨ। ਪਹਿਲੇ ਸਰਕਾਰੀ ਐਲਾਨ ਵਿਚ ਸ਼ਹੀਦ ਸਿੰਘਾਂ ਦੀ ਗਿਣਤੀ ੬੭ ਦਸੀ ਗਈ ਤੇ ਇਕ ਹਫਤੇ ਪਿਛੋਂ ੧੩੦ ਬਿਆਨ ਕੀਤੀ ਗਈ।

**ਪੁਲਸ ਦੀ ਪੜਤਾਲ** :—ਸਾਕੇ ਸਬੰਧੀ ਪੁਲੀਸ ਨੇ ਪੜਤਾਲ ਸ਼ੁਰੂ ਕੀਤੀ। ਉਸ ਵਿਚ ਸ਼੍ਰੋਮਣੀ ਕਮੇਟੀ ਨੇ ਹਰ ਪ੍ਰਕਾਰ ਪੁਲੀਸ ਦੀ ਇਮਦਾਦ ਕੀਤੀ। ਪਰ ਕਮੇਟੀ ਨੂੰ ਪੁਲੀਸ ਦੇ ਰਵੱਈਏ ਤੋਂ ਸਖਤ ਨਿਰਾਸਤਾ ਹੋਈ, ਜਿਸ ਕਰਕੇ ਉਸ ਨੇ ਪੜਤਾਲ ਵਿਚ ਹਿੱਸਾ ਲੈਣਾ ਬੰਦ ਕਰ ਦਿਤਾ। ਕਈ ਸਰਕਾਰੀ ਗਵਾਹਾਂ ਨੇ ਸਾਕੇ ਸਬੰਧੀ ਮੈਜਿਸਟ੍ਰੇਟ ਦੇ ਸਾਹਮਣੇ ਦਿਤੇ ਹੋਏ ਬਿਆਨ ਬਦਲ ਲਏ।

**ਸ਼ਹੀਦੀ ਦਿਨ** :—ਸ਼੍ਰੋਮਣੀ ਕਮੇਟੀ ਨੇ ੫ ਅਪ੍ਰੈਲ ੧੯੨੧ ਨੂੰ ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਦਿਨ ਮਨਾਉਣ ਲਈ ਐਲਾਨ ਕੀਤਾ। ਸਾਰੇ ਪੰਥ ਨੇ ਇਹ ਦਿਨ ਬੜੇ ਜੋਸ਼ ਨਾਲ ਮਨਾਇਆ। ਮਈ ੧੯੨੧ ਵਿਚ ਸ਼੍ਰੋਮਣੀ ਕਮੇਟੀ ਨੇ ਇਕ ਮਤਾ ਪਾਸ ਕਰ ਕੇ ਸਿਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ੧੫ ਨਵੰਬਰ ੧੯੨੧ ਅਰਥਾਤ ਕਤਕ ਪੂਰਨਮਾਸ਼ੀ ਦੇ ਗੁਰਪੁਰਬ ਤਕ ਸ਼ਹੀਦਾਂ ਦੀ ਯਾਦ ਵਿਚ ਕਾਲੇ ਦਸਤਾਰੇ ਸਜਾਉਣ। ਨਨਕਾਣੇ ਸਾਹਿਬ ਵਿਚ ਕਾਲੇ ਰੰਗ ਦੇ ਕੜਾਹੇ ਭਰੇ ਪਏ ਸਨ, ਜਿਹੜਾ ਸਿਖ ਦਰਸ਼ਨ ਕਰਨ ਜਾਂਦਾ ਸੀ, ਸੇਵਾਦਾਰ ਉਸ ਦੀ ਦਸਤਾਰ ਕਾਲੀ ਰੰਗ ਦੇਂਦੇ ਸਨ। ਉਸ ਦਿਨ ਤੋਂ ਕਾਲੀ ਦਸਤਾਰ ਅਕਾਲੀਆਂ ਦੀ ਪੁਸ਼ਾਕ ਦਾ ਅੰਗ ਬਣ ਗਈ। ਪਹਿਲਾਂ ਕਾਲਾ ਦਸਤਾਰਾ ਜਾਂ ਨੀਲਾ ਬਾਣਾ ਨਿਹੰਗ ਸਿੰਘ ਰਖਦੇ ਸਨ।

['ਅਕਾਲੀ ਲਹਿਰ ਦਾ ਇਤਿਹਾਸ' ਵਿਚੋਂ ਧੰਨਵਾਦ ਸਹਿਤ

---

†ਲਿਖਤ ਸ: ਗੁਰਬਖਸ਼ ਸਿੰਘ ਸ਼ਮਸ਼ੇਰ ਝੁਬਾਲੀਆ। ਸਰਦਾਰ ਜੀ ੧੯੪੭ ਦੀ ਗੜਬੜ ਵਿਚ ਰਾਵੀ ਰੋਡ ਟਕਸਾਲੀ ਦਰਵਾਜ਼ੇ ਲਾਗੇ, ਲਾਹੌਰ ਵਿਚ ਮੁਸਲਮਾਨਾਂ ਹਥੋਂ ਮਾਰੇ ਗਏ ਸਨ।



www.AKJ.Org

# ਅੰਡਿਆਂ ਤੋਂ ਭਿਅੰਕਰ ਰੋਗ

[ਵਲੋਂ—ਸ: ਮੁਖ਼ਤਾਰ ਸਿੰਘ ਜੀ ਗਿੱਲ]

ਕਈ ਵੀਰ ਕਹਿੰਦੇ ਹਨ ਕਿ ਅਸੀਂ ਮਾਸ ਤਾਂ ਨਹੀਂ ਖਾਂਦੇ, ਅੰਡੇ ਖਾ ਲੈਂਦੇ ਹਾਂ, ਕਿਉਂਕਿ ਅੰਡਿਆਂ ਵਿਚ ਕੈਲਸ਼ੀਅਮ ਪ੍ਰੋਟੀਨ ਦੀ ਅਧਿਕ ਮਾਤਰਾ ਹੁੰਦੀ ਹੈ ਅਤੇ ਇਹ ਸਰੀਰ ਲਈ ਤਾਕਤਵਾਰ ਹਨ। ਕਈਆਂ ਘਰਾਂ ਵਿਚ ਤਾਂ ਸਬਜ਼ੀਆਂ ਦੀ ਥਾਂ ਅੰਡਿਆਂ ਦੀ ਸਬਜ਼ੀ ਦਾ ਹੀ ਵਧੇਰੇ ਪ੍ਰਯੋਗ ਹੁੰਦਾ ਹੈ। ਪਰ ਅੰਡਿਆਂ ਦੀ ਵਰਤੋਂ ਕਰਨ ਵਾਲੇ ਸੱਜਣ ਇਕ ਵੱਡੇ ਭੁਲੇਖੇ ਵਿਚ ਹਨ ਕਿ ਅੰਡਿਆਂ ਤੋਂ ਸਰੀਰ ਨੂੰ ਤਾਕਤ ਮਿਲਦੀ ਹੈ ਅਤੇ ਇਹ ਸਰੀਰ ਨੂੰ ਗਰਮਾਇਸ਼ ਪਹੁੰਚਾਉਂਦੇ ਹਨ।

ਅੰਡਿਆਂ ਦੇ ਪ੍ਰਯੋਗ ਨਾਲ ਸਰੀਰਕ, ਮਾਨਸਿਕ, ਬੌਧਿਕ ਅਤੇ ਆਤਮਿਕ, ਹਰ ਪ੍ਰਕਾਰ ਦੀ ਹਾਨੀ ਹੁੰਦੀ ਹੈ। ਆਂਡੇ ਮਨੁੱਖ ਦਾ ਭੋਜਨ ਨਹੀਂ। ਜਿਵੇਂ ਮਨੁੱਖ ਅੰਨ, ਫਲ, ਸਬਜ਼ੀਆਂ, ਦਾਲਾਂ ਆਦਿਕ ਖਾ ਕੇ ਜੀਵਨ ਕਾਇਮ ਰਖ ਸਕਦਾ ਹੈ ਉਵੇਂ ਕੇਵਲ ਅੰਡੇ ਖਾ ਕੇ ਜੀਊਂਦਾ ਨਹੀਂ ਰਹਿ ਸਕਦਾ।

ਅੰਡੇ ਕਈ ਪ੍ਰਕਾਰ ਦੇਂ ਰੋਗ ਉਤਪੰਨ ਕਰਦੇ ਹਨ। ਇਸ ਵਿਸ਼ੇ ਸੰਬੰਧੀ ਕੁਝ ਵਿਦਵਾਨਾਂ ਦੇ ਵਿਚਾਰ ਹੇਠਾਂ ਦਿਤੇ ਜਾਂਦੇ ਹਨ।

**(੧) ਡਾਕਟਰ ਕੇਥਰਾਈਨ ਨਿੰਮੋ ਡੀ. ਸੀ. ਆਰ. ਐਨ. ਓਜੀਨੋ ਕੈਲਫੋਰਨੀਆ (ਯੂ. ਐਸ. ਏ.) ਲਿਖਦੀ ਹੈ** ਕਿ ਜੇਕਰ ਉਤਮ ਤੋਂ ਉਤਮ ਅੰਡੇ ਭੀ ਪ੍ਰਾਪਤ ਹੋ ਜਾਂਦੇ ਹੋਣ ਤਾਂ ਫਿਰ ਵੀ ਅਸੀਂ ਉਨ੍ਹਾਂ ਤੋਂ ਬਿਨਾਂ ਹੀ ਵਧੇਰੇ ਨਰੋਏ ਤੇ ਅਰੋਗ ਰਹਿ ਸਕਦੇ ਹਾਂ, ਕਿਉਂਕਿ ਅੰਡਿਆਂ ਵਿਚ ਕੋਲੈਸਟਰੋਲ ਦੀ ਮਾਤਰਾ ਇੰਨੀ ਜ਼ਿਆਦਾ ਹੁੰਦੀ ਹੈ ਕਿ ਅੰਡਿਆਂ ਦੇ ਸੇਵਨ ਨਾਲ ਖ਼ੂਨ ਦੀਆਂ ਨਾੜੀਆਂ ਆਦਿ ਦੇ ਰੋਗ ਤੇ ਖ਼ੂਨ ਦੇ ਦਬਾਓ— ਗੁਰਦਿਆਂ ਦੇ ਰੋਗ, ਪਿੱਤ ਦੀ ਥੈਲੀ ਵਿਚ ਪੱਥਰੀ ਆਦਿ ਉਤਪੰਨ ਹੋ ਜਾਂਦੇ ਹਨ। ਫਲਾਂ, ਸਬਜ਼ੀਆਂ, ਅਤੇ ਬਨਸਪਤੀ ਤੇਲਾਂ ਵਿਚ ਕੋਲੈਸਟਰੋਲ ਬਿਲਕੁਲ ਨਹੀਂ ਹੁੰਦਾ, ਅਥਵਾ ਨਾਂ ਮਾਤਰ ਹੀ ਹੁੰਦਾ ਹੈ।

**(੨) ਡਾਕਟਰ ਜੇ. ਐਮਨ ਵਿਲਿੰਕਸ, ਇੰਗਲੈਂਡ ਲਿਖਦੇ ਹਨ** ਕਿ—'ਅੰਡਿਆਂ ਦਾ ਰਸਾਇਣਕ ਵਿਸਲੇਸ਼ਣ ਤੁਹਾਡੀ ਧਾਰਨਾ ਦੇ ਵਿਰੁਧ ਫ਼ੈਸਲਾ ਦੇ ਦਿੰਦਾ ਹੈ। ਅੰਡੇ ਦੀ ਜ਼ਰਦੀ ਵਿਚ ਕੋਲੈਸਟਰੋਲ ਨਾਮਕ ਤੱਤ ਪਾਇਆ ਜਾਂਦਾ ਹੈ, ਜੋ ਇਕ ਚੀਕਣਾ ਅਲਕੋਹਲ (ਸ਼ਰਾਬ) ਹੁੰਦਾ ਹੈ। ਇਹ ਜਿਗਰ ਵਿਚ ਇਕੱਠਾ ਹੁੰਦਾ ਹੈ ਅਤੇ ਫਿਰ ਖ਼ੂਨ ਦੀਆਂ ਨਾੜੀਆਂ ਵਿਚ ਜ਼ਖ਼ਮ ਅਤੇ ਅਕੜਾਅ ਉਤਪੰਨ ਕਰਦਾ ਹੈ।

**(੩) ਡਾਕਟਰ ਰਾਬਰਟ ਗ੍ਰਾਸ ਅਤੇ ਪ੍ਰੋਫ਼ੈਸਰ ਇਰਵਿੰਗ ਡੇਵਿਡਸਨ ਇੰਗਲੈਂਡ ਘੋਸ਼ਨਾ ਕਰਦੇ ਹਨ**—ਕਿ ਇਕ ਅੰਡੇ ਵਿਚ ਲਗ-ਪਗ ੫ ਗ੍ਰੇਨ ਕੋਲੈਸਟਰੋਲ ਹੁੰਦਾ ਹੈ। ਅੰਡੇ ਖਾਣ ਨਾਲ ਖ਼ੂਨ ਵਿਚ ਕੋਲੈਸਟਰੋਲ ਦੀ ਮਾਤਰਾ ਵਧ ਜਾਂਦੀ ਹੈ, ਜਿਸ ਦੇ ਕਾਰਨ ਪਿੱਤੇ ਵਿਚ ਪੱਥਰੀ ਅਤੇ ਦੂਸਰੇ ਰੋਗ ਪੈਦਾ ਹੋ ਜਾਂਦੇ ਹਨ। ਇਕ ਹੋਰ ਮਹੱਤਵ-ਪੂਰਨ ਗੱਲ ਲਿਖਦੇ ਹਨ ਕਿ ਅੰਡੇ ਦੀ ਸਫ਼ੇਦੀ ਅੰਡੇ ਦਾ ਸਭ ਤੋਂ ਖ਼ਤਰਨਾਕ ਹਿੱਸਾ ਹੈ। ਜਿਨ੍ਹਾਂ ਪਸ਼ੂਆਂ ਨੂੰ ਅੰਡੇ ਦੀ ਸਫ਼ੈਦੀ ਖਵਾ ਕੇ ਤਜਰਬੇ ਕੀਤੇ ਗਏ, ਉਨ੍ਹਾਂ ਦੀ ਚਮੜੀ ਸੁੱਜ ਗਈ ਅਤੇ ਉਹਨਾਂ ਨੂੰ ਲਕਵਾ ਮਾਰ ਗਿਆ।

**(੪) ਡਾਕਟਰ ਆਰ. ਜੇ. ਵਿਲੀਅਮ ਇੰਗਲੈਂਡ ਦਾ ਵਿਚਾਰ ਹੈ**—ਕਿ ਅੰਡੇ ਦੀ ਸਫ਼ੈਦੀ ਵਿਚ 'ਐਵੀਡੀਨ' ਨਾਮਕ ਤੱਤ ਹੁੰਦਾ ਹੈ, ਜੋ ਐਗਜ਼ੀਮਾ ਦਾ ਕਾਰਨ ਹੁੰਦਾ ਹੈ।

**(੫) ਡਾਕਟਰ ਈ. ਵੀ. ਮੈਕੋਲਮ ਦੇ ਕਥਨ ਅਨੁਸਾਰ** ਅੰਡਿਆਂ ਵਿਚ ਕੈਲਸ਼ੀਅਮ (ਚੂਨੇ) ਦੀ ਮਾਤਰਾ ਬਹੁਤ ਘੱਟ ਅਤੇ ਕਾਰਬੋਹਾਈਡਰੇਟ ਦੀ ਭੀ ਘਾਟ ਹੁੰਦੀ ਹੈ ਅਤੇ ਇਹ ਨਾੜੀਆਂ ਵਿਚ ਪਾਚਨ ਸ਼ਕਤੀ ਨੂੰ ਤੇਜ਼ ਕਰਨ ਦੀ ਬਜਾਏ ਉਥੇ ਬਦਬੂ ਪੈਦਾ ਕਰਦੇ ਹਨ।

**(੬) ਡਾਕਟਰ ਗੋਵਿੰਦ ਰਾਏ ਲਿਖਦੇ ਹਨ ਕਿ** ਅੰਡਿਆਂ ਵਿਚ ਨਾਈਟਰੋਜਨ ਫ਼ਾਸਫੋਰਿਕ

(ਬਾਕੀ ਦੇਖੋ ਸਫ਼ਾ ੩੧ ਹੇਠ)



www.AKJ.Org

# ਸੁੱਤੀ ਕੌਮ ਨੂੰ ਹਲੂਣਾ

[ਵਲੋਂ —ਸ: ਦਲਜੀਤ ਸਿੰਘ ਜੀ 'ਧੀਰਜ', ਜਨਕਪੁਰੀ, ਨਵੀਂ ਦਿੱਲੀ]

ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਸੰਬੰਧੀ ੯੬ ਕਰੋੜੀ ਜਥੇਦਾਰ ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਜਥੇਦਾਰ ਪੰਜਵਾਂ ਤਖ਼ਤ ਚਲਦਾ ਵਹੀਰ ਵਲੋਂ ਸਮੁੱਚੇ ਸਿੱਖ ਪੰਥ ਦੇ ਨਾਮ ਜਾਰੀ ਕੀਤੇ ਗਏ ਫ਼ਤਵੇ (ਹੁਕਮਨਾਮੇ) ਨੇ ਸਮੁੱਚੀ ਕੌਮ ਅਗੇ ਇਕ ਗੰਭੀਰ ਸਮੱਸਿਆ ਖੜੀ ਕਰ ਦਿੱਤੀ ਹੈ। ਇਸ ਸਮੱਸਿਆ ਦਾ ਹੱਲ ਲਭਣ ਲਈ ਸਮੁੱਚੇ ਸਿੱਖ ਜਗਤ ਦੀਆਂ ਪ੍ਰਮੁੱਖ ਜਥੇਬੰਦੀਆਂ ਨੂੰ ਇਹ ਸੋਚਣ ਲਈ ਮਜਬੂਰ ਹੋਣਾ ਪਵੇਗਾ ਕਿ ਪਾਵਨ ਗੁਰਧਾਮਾਂ ਵਿਚ ਮਰਯਾਦਾ ਨੂੰ ਕਿਸ ਤਰ੍ਹਾਂ ਸਮਾਨਤਾ ਦੇ ਅਧਾਰ ਤੇ ਕਾਇਮ ਰਖਿਆ ਜਾਵੇ।

੯੬ ਕਰੋੜੀ ਜਥੇਦਾਰ ਵਲੋਂ ਸਿੱਖ ਕੌਮ ਦੇ ਨਾਮ ਹੁਕਮਨਾਮਾ ਜਾਰੀ ਕਰਨ ਵਿਚ ਉਨ੍ਹਾਂ ਦਾ ਆਪਣਾ ਕੋਈ ਦੋਸ਼ ਨਹੀਂ। ਦੋਸ਼ ਸਮੁੱਚੇ ਸਿੱਖ ਪੰਥ ਦਾ ਹੈ, ਜੋ ਆਪਣੀਆਂ ਧਰਮ ਸੰਬੰਧੀ ਜ਼ਿਮੇਵਾਰੀਆਂ ਤੋਂ ਭੱਜ ਕੇ ਹੋਰ ਹੋਰ ਪਾਸੇ ਮਗਨ ਹੈ। ਕੌਮ ਦਿਆਂ ਲੀਡਰਾਂ ਨੂੰ ਜਥੇਦਾਰੀਆਂ ਪਿਆਰੀਆਂ ਹਨ, ਸੇਵਾਦਾਰੀਆਂ ਨਹੀਂ। ਸਮੁੱਚੀ ਸਿੱਖ ਕੌਮ ਕੁਰੀਤੀਆਂ ਦੇ ਰਾਹ ਤੇ ਪਈ ਹੋਈ ਹੈ। ਮਾਸ ਖਾਣਾ, ਸ਼ਰਾਬ ਪੀਣਾ ਅਤੇ ਰੋਮਾਂ ਦੀ ਬੇਅਦਬੀ ਕਰਨੀ ਸਿਖਾਂ ਦੇ ਗੌਰਵਮਈ ਕਰਤਵ ਹਨ। ਕਿੰਨੇ ਕੁ ਗੁਰੂ ਕੇ ਲਾਲ ਐਸੇ ਹਨ ਜੋ ਗੁਰੂ ਜੀ ਦੇ ਦਰਸਾਏ ਰਾਹ ਤੇ ਚਲ ਰਹੇ ਹਨ? ਜਲੂਸ ਸ਼ਹੀਦੀ ਗੁਰਪੁਰਬ ਦਾ ਨਿਕਲ ਰਿਹਾ ਹੁੰਦਾ ਹੈ, ਪਰ ਸਾਡੇ ਨੌਜੁਵਾਨ ਜਲੂਸ ਦੀ ਸ਼ਾਨ ਨੂੰ ਵਧਾਉਣ ਲਈ ਭੰਗੜੇ ਪਾ ਰਹੇ ਹੁੰਦੇ ਹਨ। ਗੁਰਪੁਰਬ ਮਨਾਉਂਦੇ ਸਮੇਂ ਸਾਡੇ ਪ੍ਰਮੁਖ ਨੇਤਾ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗਲਾਂ ਵਿਚ ਹਾਰ ਪਵਾਉਣ ਵਿਚ ਮਾਣ ਪ੍ਰਾਪਤ ਕਰਦੇ ਹਨ।

ਉਹ ਕੌਮ ਜਿਸ ਨੂੰ ਸੇਵਾਦਾਰਾਂ ਦੀ ਕੌਮ ਕਹਾਉਣ ਵਿਚ ਫ਼ਖ਼ਰ ਮਹਿਸੂਸ ਕਰਨਾ ਚਾਹੀਦਾ ਹੈ, ਅਜ ਜਥੇਦਾਰਾਂ ਦੀ ਕੌਮ ਕਹਾਉਣ ਵਿਚ ਫ਼ਖ਼ਰ ਮਹਿਸੂਸ ਕਰ ਰਹੀ ਹੈ। ਸੋ ਅਜਿਹੇ ਜਥੇਦਾਰਾਂ ਵਿਚੋਂ ਹੀ ਇਕ ਜਥੇਦਾਰ ਹਨ "ਪੰਥ ਦੀ ਧਰਮ ਧੁਜਾ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ੯੬ ਕਰੋੜੀ ਜਥੇਦਾਰ ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਜਥੇਦਾਰ ਪੰਜਵਾਂ ਤਖ਼ਤ ਚਲਦਾ ਵਹੀਰ", ਜਿਨ੍ਹਾਂ ਨੇ ਸਮੁੱਚੀ ਸਿੱਖ ਕੌਮ ਦੇ ਨਾਮ ਫ਼ਤਵਾ (ਹੁਕਮਨਾਮਾ) ਜਾਰੀ ਕੀਤਾ ਹੈ। ਕੋਈ ਸਮਾਂ ਸੀ ਅਸੀਂ ਆਖਦੇ ਸਾਂ, 'ਸਿਰ ਜਾਂਦਾ ਏ ਤਾਂ ਜਾਏ, ਪਰ ਸਿੱਖੀ ਸਿੱਦਕ ਨਾ ਜਾਏ' ਪਰ ਅਜ ਕੌਮ ਦੇ ਜਥੇਦਾਰ ਇਸ ਵਿਚਾਰ ਦੇ ਉਪਾਸ਼ਕ ਹਨ: 'ਪੰਥ ਜਾਂਦਾ ਏ ਤਾਂ ਜਾਏ, ਪਰ ਮੇਰੀ ਗੱਦੀ ਨਾ ਜਾਏ।'

ਅਸੀਂ ਰੋਜ਼ ਸਰਬ ਸ਼ਕਤੀਵਾਨ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਦੋ ਵੇਲੇ ਅਰਦਾਸ ਕਰਦੇ ਹਾਂ: "ਸ਼ਬਦ ਗੁਰੂ ਪਿਤਾ ਜੀ, ਜਿਨ੍ਹਾਂ ਗੁਰਧਾਮਾਂ ਦੇ ਦਰਸ਼ਨ ਦਿਦਾਰ ਤੋਂ ਆਪਦੇ 'ਪਿਆਰੇ ਖਾਲਸਾ' ਜੀ ਨੂੰ ਵਿਛੋੜਿਆ ਗਿਆ ਹੈ ਤਿਨ੍ਹਾਂ ਦੇ ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਆਪਣੇ 'ਪਿਆਰੇ ਖਾਲਸਾ ਜੀ' ਨੂੰ ਬਖ਼ਸ਼ੋ।" ਸਤਿਗੁਰੂ ਜੀ ਤਾਂ ਘੱਟ-ਘੱਟ ਕੇ ਅੰਤਰ ਕੀ ਜਾਨਤ ਹਨ, ਫਿਰ ਉਹ ਸਾਡੀ ਅਰਦਾਸ ਨੂੰ ਕਿਉਂ ਨਹੀਂ ਸੁਣਦੇ? ਸ਼ਾਇਦ ਉਹ ਜਾਣਦੇ ਹਨ ਕਿ ਅਰਦਾਸ ਕਰਨ ਵਾਲਾ ਪ੍ਰੇਮੀ 'ਪਿਆਰਾ ਖਾਲਸਾ ਜੀ' ਕਹਾਉਣ ਦਾ ਅਧਿਕਾਰੀ ਨਹੀਂ। ਜਿਨ੍ਹਾਂ ਗੁਰਦੁਆਰਿਆਂ ਦੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦੀ ਆਗਿਆ ਸਾਨੂੰ ਸਤਿਗੁਰੂ ਜੀ ਨੇ ਦੇ ਰੱਖੀ ਹੈ, ਕੀ ਅਸੀਂ ਉਨ੍ਹਾਂ ਦੀ ਸੇਵਾ-ਸੰਭਾਲ ਠੀਕ ਢੰਗ ਨਾਲ ਕਰ ਰਹੇ ਹਾਂ?

ਜੇਕਰ ਇਸ ਦਾ ਉੱਤਰ 'ਹਾਂ' ਵਿਚ ਹੈ ਤਾਂ ੯੬ ਕਰੋੜੀ ਜੱਥੇਦਾਰ ਨੂੰ ਸਮੁੱਚੀ ਕੌਮ ਦੇ ਨਾਮ ਅਜਿਹਾ ਫ਼ੱਤਵਾ (ਹੁਕਮਨਾਮਾ) ਜਾਰੀ ਕਰਨ ਦੀ ਜੁਰਅਤ ਕਿਸ ਤਰ੍ਹਾਂ ਪਈ? ਅਸੀਂ ਜਾਣਦੇ ਹਾਂ ਕਿ ਇਹ ਫ਼ੱਤਵਾ (ਹੁਕਮਨਾਮਾ) ਸੁੱਖ ਨਿਧਾਨ ਦੇ ਪ੍ਰੇਮੀ ਨੇ ਸੁੱਖ ਨਿਧਾਨ ਦੀ ਮੌਜ ਵਿਚ ਹੀ ਜਾਰੀ ਕੀਤਾ ਹੈ— ਪਰ ਕੀ ਸਿੱਖ ਪੰਥ ਵੀ ਇਸ ਨੂੰ ਸੁੱਖ ਨਿਧਾਨ ਦੀ ਮੌਜ ਵਿਚ ਆ ਕੇ ਸਵੀਕਾਰ ਕਰ ਲਵੇਗਾ? ਮੇਰੇ ਵਿਚਾਰ ਵਿਚ ਕੌਮ ਭਾਵੇਂ ਬਰਬਾਦੀ ਦੇ ਰਾਹ ਤੇ ਪਈ ਹੋਈ



www.AKJ.Org

ਹੈ, ਪਰ ਫਿਰ ਵੀ ਇਸ ਵਿਚ ਅਜੇ ਵੀ ਉਹ ਅੰਸ਼ ਮੌਜੂਦ ਹੈ ਜੋ ਧਰਮ ਦੀ ਮਰਯਾਦਾ ਕਾਇਮ ਰਖਣ ਲਈ ਸਿਰ ਤਲੀ ਤੇ ਰਖ ਸਕਦੀ ਹੈ। ਫਿਰ ਗੁਰੂ ਸਾਹਿਬ ਦੇ ਬਚਨ ਵੀ ਤਾਂ ਹਨ :—

"ਜਬੈ ਬਾਨ ਲਾਗੈ ॥ ਤਬੈ ਰੋਸ ਜਾਗੈ ॥"

ਖ਼ਾਲਸਾ ਜੀ ! ੯੬ ਕਰੋੜੀ ਜਥੇਦਾਰ ਜੀ ਨੇ ਸਮੁੱਚੇ ਸਿੱਖ ਪੰਥ ਨੂੰ ਕੋਈ ਚੈਲੰਜ ਨਹੀਂ ਦਿਤਾ, ਸਗੋਂ ਗੂੜ੍ਹੀ ਨੀਂਦਰ ਸੁੱਤੀ ਪਈ ਕੌਮ ਨੂੰ ਹਲੂਣਾ ਦਿਤਾ ਹੈ । ਸਾਨੂੰ ਪੰਥ ਵਿਚ ਪੈਦਾ ਹੋ ਰਹੀਆਂ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਕਮਰ-ਕਸੇ ਕਰਨੇ ਪੈਣਗੇ, ਅਤੇ ਗੁਰਧਾਮਾਂ ਵਿਚ ਸਮਾਨ ਮਰਯਾਦਾ ਨੂੰ ਅਨੁਸ਼ਾਸਨ-ਮਈ ਢੰਗ ਨਾਲ ਲਾਗੂ ਕਰਨ ਲਈ ਉਪਾਅ ਸੋਚਣੇ ਪੈਣਗੇ। ਜੇਕਰ ਅਸੀਂ ਕੁਰੀਤੀਆਂ ਕਰਨ ਵਿਚ ਹੀ ਮਗਨ ਰਹੇ ਅਤੇ ਗੁਰਧਾਮਾਂ ਦੀ ਪਵਿਤਰਤਾ ਵਲ ਕੋਈ ਧਿਆਨ ਨਾ ਦਿਤਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਣਥੱਕ ਯਤਨਾਂ ਨਾਲ ਬੀਜਿਆ ਪੌਦਾ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਖ਼ੂਨ ਨਾਲ ਸਿੰਜਿਆ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਚਾਰ ਸਾਹਿਬਜ਼ਾਦਿਆਂ ਅਤੇ ਗੁਰੂ ਕੇ ਸਿੱਖਾਂ ਦੇ ਖ਼ੂਨ ਨਾਲ ਪਲਿਆ ਰੁੱਖ ਸੁੱਕ ਕੇ ਧਰਤ ਉਤੇ ਢਹਿ-ਢੇਰੀ ਹੋ ਜਾਵੇਗਾ ।

ਗੁਰਦਵਾਰੇ ਸਿੱਖਾਂ ਦੇ ਸਕੂਲ ਹਨ ਅਤੇ ਤਖ਼ਤ 'ਰੀਸਰਚ ਸੈ ਟਰ' (ਖੋਜ-ਕੇਂਦਰ)। ਇਨ੍ਹਾਂ ਅਸਥਾਨਾਂ ਤੋਂ ਕੌਮ ਨੇ ਰਹਿਨੁਮਾਈ ਲੈਣੀ ਹੈ। ਕੌਮ ਉਹੀ ਮਹਾਨ ਬਣਦੀ ਹੈ ਜਿਸ ਵਿਚ ਅਨੁਸ਼ਾਸਨ ਦੀ ਭਾਵਨਾ ਕਾਇਮ ਰਹੇ। ਜੋ ਕੌਮ ਅਨੁਸ਼ਾਸਨ-ਹੀਣ ਹੋ ਜਾਵੇ, ਉਹ ਕਦੀ ਉਨਤੀ ਨਹੀਂ ਕਰ ਸਕਦੀ। ਇਸੇ ਤਰ੍ਹਾਂ ਜਿਸ ਕਾਨੂੰਨ ਵਿਚ ਅਸਮਾਨਤਾ ਹੋਵੇਗੀ, ਉਸ ਵਿਚ ਸਥਿਰਤਾ ਕਾਇਮ ਨਹੀਂ ਰਹਿ ਸਕਦੀ। ਇਸ ਲਈ ਕਾਨੂੰਨ ਉਹੀ ਸਰਵ-ਉਚਿ ਹੈ ਜੋ ਸਮਾਨਤਾ ਦੇ ਅਧਾਰ ਤੇ ਲਾਗੂ ਕੀਤਾ ਜਾਵੇ। ਬਿਲਕੁਲ ਇਸੇ ਤਰ੍ਹਾਂ ਸਾਡੇ ਗੁਰਦਵਾਰਿਆਂ ਦੀ ਮਰਯਾਦਾ ਨੂੰ ਅਨੁਸ਼ਾਸਨ-ਹੀਣ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ, ਅਤੇ ਇਸ ਨੂੰ ਸਮਾਨਤਾ ਦੇ ਅਧਾਰ ਤੇ ਲਾਗੂ ਕਰਨਾ ਚਾਹੀਦਾ ਹੈ। ਜੇਕਰ ਅਸੀਂ ਇਸ ਪੱਖ ਤੋਂ ਥਿੜਕ ਗਏ, ਜਾਂ ਮਰਯਾਦਾ ਦੀ ਸਮਾਨਤਾ ਵਿਚ ਢਿਲ ਦੇ ਦਿਤੀ ਤਾਂ ਨਿਸਚੇ ਹੀ ਸਾਡਾ ਧਰਮ ਪਤਨ ਦੇ ਰਾਹ ਤੇ ਤੁਰ ਪਵੇਗਾ।

ਇਸ ਸੰਬੰਧ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਅਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਮੈਂਬਰਾਂ ਨੂੰ ਇਕੱਠਿਆਂ ਹੋ ਕੇ ਸਮੁੱਚੀ ਕੌਮ ਦੇ ਨੁਮਾਇੰਦਿਆਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕ ਵੱਡਾ ਇਕੱਠ ਬੁਲਾਣਾ ਚਾਹੀਦਾ ਹੈ ਜੋ ਸਿੱਖ ਗੁਰਧਾਮਾਂ ਵਿਚ ਸਮਾਨ ਮਰਯਾਦਾ ਨੂੰ ਕਾਇਮ ਰਖਣ ਲਈ ਢੰਗ ਸੋਚ ਸਕੇ। ਇਸ ਇਕੱਤਰਤਾ ਨੂੰ ਸਮੁੱਚੀ ਕੌਮ ਦੀ ਜਥੇਬੰਦੀ ਕਾਇਮ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਆਏ ਦਿਨ ਕੋਈ ਹੋਰ ੯੬ ਕਰੋੜੀ ਜਥੇਦਾਰ ਕੌਮ ਦੇ ਨਾਮ ਫ਼ਤਵਾ (ਹੁਕਮਨਾਮਾ) ਜਾਰੀ ਕਰਨ ਦੀ ਜੁਰਅਤ ਨਾ ਕਰ ਸਕੇ। ਇਸ ਇਕੱਤਰਤਾ ਵਿਚ 'ਸਰਬ-ਭਾਰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਕਾਇਮ ਕਰਨ ਲਈ ਵਿਚਾਰ ਕਰਨਾ ਚਾਹੀਦਾ ਹੈ ਅਤੇ ਅਜਿਹੇ ਢੰਗ ਲਭਣੇ ਚਾਹੀਦੇ ਹਨ ਜਿਨ੍ਹਾਂ ਦੁਆਰਾ ਕੇਂਦਰ ਦੀ ਸਰਕਾਰ ਨੂੰ ਕੌਮ ਦੀ ਇਸ ਹੱਕੀ ਮੰਗ ਨੂੰ ਸਵੀਕਾਰ ਕਰਨ ਲਈ ਮਜਬੂਰ ਕੀਤਾ ਜਾ ਸਕੇ।

---

(੨੯ ਸਫ਼ੇ ਦੀ ਬਾਕੀ)

ਐਸਿਡ (ਤੇਜ਼ਾਬ) ਅਤੇ ਚਰਬੀ ਦੀ ਅਧਿਕ ਮਾਤਰਾ ਹੁੰਦੀ ਹੈ। ਉਨ੍ਹਾਂ ਅਨੁਸਾਰ ਇਹ ਸਰੀਰ ਵਿਚ ਤੇਜ਼ਾਬੀ ਮਾਦਾ ਪੈਦਾ ਕਰਦੇ ਹਨ।

(੭) **ਪ੍ਰੋਫੈਸਰ ਔਕਾੜਾ ਇੰਗਲੈਂਡ** ਦੀਆਂ ਖੋਜਾਂ ਅਨੁਸਾਰ ਪਿੱਤ ਅਤੇ ਪਾਚਨ-ਰਸ ਇਹ ਦੋਵੇਂ ਅੰਡੇ ਦੀ ਸਫ਼ੈਦੀ ਦੇ ਨਾਲ ਨਹੀਂ ਘੁਲਦੇ। ਸਬੂਤ ਦੇ ਤੌਰ ਤੇ ਅੰਡੇ ਦੀ ਸਫ਼ੈਦੀ ਦਾ ੩੦ ਤੋਂ ੫੦ ਫ਼ੀ ਸਦੀ ਭਾਗ ਭੋਜਨ-ਨਾਲੀ ਵਿਚੋਂ ਬਿਨਾਂ ਹਜ਼ਮ ਹੋਏ ਹੀ ਨਿਕਲ ਜਾਂਦਾ ਹੈ।

ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਨੂੰ ਪੜ੍ਹ ਕੇ ਇਹ ਗੱਲ ਤਾਂ ਸਪੱਸ਼ਟ ਹੋ ਜਾਂਦੀ ਹੈ ਕਿ ਅੰਡਿਆਂ ਦੀ ਵਰਤੋਂ ਨਾਲ ਤਾਕਤ ਅਤੇ ਗਰਮਾਇਸ਼ ਨਹੀਂ ਮਿਲਦੀ, ਸਗੋਂ ਕਈ ਭਿਅੰਕਰ ਰੋਗ ਉਤਪੰਨ ਹੋ ਜਾਂਦੇ ਹਨ।



www.AKJ.Org

# ਕਲਾ-ਕ੍ਰਿਸ਼ਮੀ ਕੀਰਤਨ

## ਪੋਥੀਆਂ ਤੋਂ ਦੇਖ ਕੇ ਕਿਉਂ ?

[ਵਲੋਂ :—ਸ: ਦਲਜੀਤ ਸਿੰਘ ਜੀ ਐਮ. ਏ., ਪੰਜੋਖਰਾ ਸਾਹਿਬ]

ਅਕਸਰ ਵੇਖਣ ਵਿਚ ਆਉਂਦਾ ਹੈ ਕਿ ਬਹੁਤ ਸਾਰੇ ਕੀਰਤਨੀਏ ਵੀਰ ਤੇ ਭੈਣਾਂ ਕੀਰਤਨ ਪੋਥੀਆਂ ਉਪਰੋਂ ਦੇਖ ਕੇ ਕਰਦੇ ਹਨ। ਇਸ ਆਦਤ ਨਾਲ ਨਾ ਕੇਵਲ 'ਪੋਥੀ ਪ੍ਰਮੇਸਰ ਕਾ ਥਾਨੁ' ਦੀ ਬੇ-ਅਦਬੀ ਹੁੰਦੀ ਹੈ ਸਗੋਂ ਆਪਣੇ ਆਪ ਵਿਚ ਇਹ ਢਹਿੰਦੀ ਕਲਾ ਦੀ ਲਖਾਇਕ ਹੈ। ਅਸੀਂ ਇਸ ਸਮੱਸਿਆ ਨੂੰ ਵਿਗਿਆਨਕ ਅਧਾਰ ਤੇ ਵਿਚਾਰਦੇ ਹਾਂ।

ਕੀਰਤਨ ਪੋਥੀਆਂ ਉਤੋਂ ਵੇਖ ਕੇ ਕਰਨ ਦਾ ਭਾਵ ਹੈ ਕਿ ਬਾਣੀ ਕੰਠ ਨਹੀਂ, ਅਤੇ ਬਾਣੀ ਕੰਠ ਨਾ ਹੋਣ ਦਾ ਇਕ ਕਾਰਨ ਜਿਥੇ ਅਵੇਸਲਾਪਣ ਹੈ, ਉਥੇ ਦੂਜਾ ਕਾਰਨ ਹੈ ਯਾਦ-ਸ਼ਕਤੀ ਦਾ ਕਮਜ਼ੋਰ ਹੋਣਾ। ਸੋ ਪਹਿਲਾਂ ਯਾਦ-ਸ਼ਕਤੀ ਉਪਰ ਹੀ ਵਿਚਾਰ ਕਰਦੇ ਹਾਂ।

**ਯਾਦ ਸ਼ਕਤੀ: ਮਨੋਵਿਗਿਆਨਕ ਵਿਆਖਿਆ :—**

ਬਰੂਨੋ ਫ਼ਰੱਸਟ ਨੇ ਆਪਣੀ ਇਕ ਕਿਤਾਬ How To Remember ("ਯਾਦ ਕਿਵੇਂ ਕਰੀਏ ?)" ਵਿਚ ਯਾਦ-ਸ਼ਕਤੀ ਦੇ ਤਿੰਨ ਅਧਾਰ ਦਸੇ ਹਨ। ਇਹ ਅਧਾਰ ਹਨ :—

(੧) ਇਕਾਗਰਤਾ (Concentration)

(੨) ਵਿਚਾਰ-ਪ੍ਰਵਾਹ ਦੀ ਲੜੀ (Association)

(੩) ਦ੍ਰਿਸ਼ਟੀ ਜਾਂ ਸਮਝ ਦੀ ਬਰੀਕ-ਬੀਨੀ (Observation)

ਹੰਟਰ ਨੇ ਆਪਣੀ ਕਿਤਾਬ Memory, Facts, and Fallacies ਵਿਚ ਇਨ੍ਹਾਂ ਤਿੰਨਾਂ ਅਧਾਰਾਂ ਨੂੰ ਯਾਦ-ਸ਼ਕਤੀ ਦੇ ਥੰਮ ਦਰਸਾਇਆ ਹੈ। ਜ਼ਿੰਗਵਿਲ, ਪ੍ਰੋ: ਵਿਲੀਅਮ ਅਤੇ ਮੈਕਡੂਗਲ ਆਦਿ ਪਰਸਿੱਧ ਮਨੋ-ਵਿਗਿਆਨੀਆਂ ਨੇ ਇਨ੍ਹਾਂ ਅਧਾਰਾਂ ਦੀ ਹਾਮੀ ਭਰੀ ਹੈ, ਚਾਹੇ ਫ਼ਰਾਂਸਿਸ ਗਾਲਟਨ ਨੇ ਦੁਹਰਾਈ (Repitition) ਦੀ ਮਹਾਨਤਾ ਵੀ ਦਰਸਾਈ ਹੈ।

**ਗੁਰਮਤਿ ਦੇ ਤਿੰਨ ਮੁਖ ਨਿਯਮ :—**

ਦੂਸਰੇ ਪਾਸੇ ਗੁਰਮਤਿ ਵਿਚ ਜੋ ਤਿੰਨ ਅਸੂਲ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਦਿ ਗੁਰਮਤਿ-ਖੋਜੀਆਂ ਨੇ ਦਰਸਾਏ ਹਨ ਉਹ ਹਨ—

(੧) ਨਾਮ-ਅਭਿਆਸ (ਜਿਸ ਤਰ੍ਹਾਂ ਕਿ ਪੰਜ-ਪਿਆਰਿਆਂ ਵਲੋਂ ਦ੍ਰਿੜ੍ਹਾਇਆ ਜਾਂਦਾ ਹੈ)।

(੨) ਸ਼ਬਦ ਦਾ ਨਿਰੋਲ ਕੀਰਤਨ, ਭਾਵ ਗੁਰਬਾਣੀ ਦਾ ਕੀਰਤਨ।

(੩) ਗੁਰਬਾਣੀ ਪੜ੍ਹਨਾ ਅਤੇ ਸੁਣਨਾ, ਜਿਸ ਵਿਚ ਨਿਤਨੇਮ ਵੀ ਸ਼ਾਮਲ ਹੈ।

**ਗੁਰਮਤਿ ਅਤੇ ਫ਼ਰੱਸਟ ਦੇ ਨਿਯਮਾਂ ਦਾ ਟਾਕਰਾ:**

(ੳ) ਨਾਮ ਅਭਿਆਸ ਦੀ ਹਰ ਰੋਜ਼ ਦੀ ਕਮਾਈ ਇਕਾਗਰਤਾ ਵਿਚ ਇਕ-ਦਮ ਵਾਧਾ ਕਰ ਦੇਵੇਗੀ, ਕਿਉਂਕਿ ਨਾਮ ਅਭਿਆਸ ਦੀ ਸਫਲਤਾ ਦਾ ਪਹਿਲਾ ਚਿੰਨ੍ਹ ਹੀ ਇਕਾਗਰਤਾ ਵਿਚ ਵਾਧਾ ਹੋਣਾ ਹੈ। ਸੋ ਨਤੀਜੇ ਵਜੋਂ ਯਾਦ-ਸ਼ਕਤੀ ਤੇਜ਼ ਹੋ ਜਾਂਦੀ ਹੈ।

(ਅ) ਵਿਚਾਰ ਪ੍ਰਵਾਹ ਦੀ ਲੜੀ ਜਿਤਨੀ ਇਕਸਾਰ ਹੁੰਦੀ ਹੈ, ਉਨੀ ਹੀ ਗੁੱਧੀ ਹੋਈ ਹੁੰਦੀ ਹੈ। ਅਤੇ ਵਧ ਤੋਂ ਵਧ ਬਾਣੀ ਨੂੰ ਕੰਠ ਕਰਨਾ ਉਤਨਾ ਹੀ ਅਸਾਨ ਹੁੰਦਾ ਹੈ। ਸ਼ਬਦ-ਕੀਰਤਨ ਵਿਚ ਰਾਗ ਇਕ ਹੜ੍ਹ ਹੈ, ਜਿਸ ਦੇ ਵਹਾਉ ਵਿਚ ਸਭ ਤਰ੍ਹਾਂ ਦੇ ਫੁਰਨੇ ਕੁਫਰਨੇ ਰੁੜ੍ਹ ਜਾਂਦੇ ਹਨ। ਇਸ ਤਰ੍ਹਾਂ ਸ਼ਬਦ-ਕੀਰਤਨ ਦੇ ਅਭਿਆਸ ਨਾਲ ਵਿਚਾਰ-ਪ੍ਰਵਾਹ ਨੂੰ ਇਕ ਲੜੀ ਵਿਚ ਪਰੋਣ ਦੀ ਤਾਕਤ ਵਿਚ ਅਤੀਅੰਤ ਵਾਧਾ ਹੁੰਦਾ ਹੈ। ਕੁਦਰਤੀ ਹੈ ਕਿ ਯਾਦ-ਸ਼ਕਤੀ ਵੀ ਵਧੇ।

(ੲ) ਗੁਰਬਾਣੀ ਵਿਚ ਇਤਨੀ ਡੂੰਘਾਈ ਤੇ ਵਿਸ਼ਾਲਤਾ ਹੈ ਕਿ ਚੰਗੀ ਤੋਂ ਚੰਗੀ ਬੁੱਧੀ ਵਾਲੇ ਵੀ



www.AKJ.Org

ਬਾਣੀ ਦੀ ਥਾਹ ਨਹੀਂ ਲੈ ਸਕਦੇ। ਉਦਾਹਰਣ ਵਜੋਂ "ਅਰਬਦ ਨਰਬਦ ਧੁੰਧੂਕਾਰਾ......" ਦਾ ਸ਼ਬਦ ਜਦੋਂ ਅਸੀਂ ਸੁਣ ਰਹੇ ਹੋਈਏ ਤਾਂ ਇਸ ਸ਼ਬਦ ਦੇ ਭਾਵ ਨੂੰ ਸਮਝਣ ਲਈ ਬ੍ਰਹਿਮੰਡ ਜਿਤਨੀ ਵਿਸ਼ਾਲ ਕਲਪਨਾ ਦੀ ਲੋੜ ਹੈ, ਜੋ ਹੋਣੀ ਮੁਸ਼ਕਲ ਹੈ। ਪਰ ਬਾਰ ਬਾਰ ਗੁਰਬਾਣੀ ਦੇ ਭਾਵਾਂ ਨੂੰ ਮਨ ਵਿਚ ਵਸਾਉਣ ਨਾਲ ਸੁਰਤੀ ਟਿਕਦੀ ਹੈ, ਅਤੇ ਸਮਝ ਜਾਂ ਦ੍ਰਿਸ਼ਟੀ ਵਿਚ ਅਤੀਅੰਤ ਨਾਜ਼ਕਤਾ ਬਰੀਕ-ਬੀਨੀ ਆ ਜਾਂਦੀ ਹੈ। ਕੁਦਰਤੀ ਤੌਰ ਤੇ ਇਹ ਬਰੀਕ-ਬੀਨੀ ਯਾਦ-ਸ਼ਕਤੀ ਵਿਚ ਵਾਧਾ ਕਰੇਗੀ।

ਇਸੇ ਤਰ੍ਹਾਂ ਨਿਤਨੇਮ ਕਰਨ ਨਾਲ ਦੁਹਰਾਈ (ਬਾਰ ਬਾਰ ਸਿਮਰਨ) ਦਾ ਅਭਿਆਸ ਵਧਦਾ ਹੈ ਅਤੇ ਇਸ ਤਰ੍ਹਾਂ ਔਖੀਆਂ ਤੋਂ ਔਖੀਆਂ ਅਤੇ ਵਡੀਆਂ ਤੋਂ ਵਡੀਆਂ ਬਾਣੀਆਂ ਸਹਿਜੇ ਹੀ ਕੰਠ ਹੋ ਜਾਂਦੀਆਂ ਹਨ।

ਸੋ ਜ਼ਾਹਰ ਹੈ ਕਿ ਗੁਰ-ਚਰਨਾਂ ਵਿਚ ਧਿਆਨ ਰਖ ਕੇ ਨਾਮ ਅਭਿਆਸ ਕਮਾਈ, ਸ਼ਬਦ ਕੀਰਤਨ ਅਤੇ ਗੁਰਬਾਣੀ ਪੜ੍ਹਨ ਸੁਣਨ ਦੁਆਰਾ ਪਹਿਲੀ ਦੁਨਿਆਵੀ ਬਰਕਤ, ਯਾਦ-ਸ਼ਕਤੀ ਵਿਚ ਵਾਧਾ ਹੁੰਦਾ ਹੈ। ਯਾਦ-ਸ਼ਕਤੀ ਦਾ ਤੇਜ਼ ਹੋਣਾ ਨਾ ਕੇਵਲ ਆਤਮਿਕ ਤਰੱਕੀ ਲਈ ਜ਼ਰੂਰੀ ਹੈ, ਸਗੋਂ ਦੁਨਿਆਵੀ ਜੀਵਨ ਲਈ ਵੀ ਇਹ ਅਤੀ ਜ਼ਰੂਰੀ ਹੈ।

**ਯਾਦ ਸ਼ਕਤੀ ਕਮਜ਼ੋਰ ਹੋਣ ਦੇ ਕਾਰਨ–**

ਕੋਈ ਗੁਰਮਤਿ ਦਾ ਪਾਂਧੀ ਜੋ ਉਪਰ ਲਿਖੇ ਤਿੰਨਾਂ ਅਸੂਲਾਂ ਨੂੰ ਹੀ ਆਪਣੇ ਵਲੋਂ ਅਪਣਾਉਂਦਾ ਹੋਵੇ, ਪਰ ਫਿਰ ਵੀ ਉਹ ਪੋਥੀਆਂ ਉਪਰੋਂ ਵੇਖ ਕੇ ਕੀਰਤਨ ਕਰਦਾ ਹੋਵੇ ਤਾਂ ਸਮਝੋ ਉਸ ਦੀ ਯਾਦ ਸ਼ਕਤੀ ਕਮਜ਼ੋਰ ਹੈ ਤੇ ਉਸਦੇ ਹੇਠ ਲਿਖੇ ਕਾਰਨ ਹਨ :—

(੧) ਨਾਮ-ਅਭਿਆਸ ਵੇਲੇ ਮਨ ਦਾ ਇਧਰ ਉਧਰ ਘੁੰਮਦੇ ਰਹਿਣਾ, ਜੋ ਕਿ ਇਕ ਤਰ੍ਹਾਂ ਦੀ ਸਰੀਰਕ ਕਿਰਿਆ ਹੀ ਬਣ ਕੇ ਰਹਿ ਜਾਂਦੀ ਹੈ।

(੨) ਸ਼ਬਦ ਕੀਰਤਨ ਵੇਲੇ ਮਨ ਦਾ ਕੀਰਤਨ ਰੂਪ ਨਾ ਹੋਣਾ। ਇਸ ਤਰ੍ਹਾਂ ਵੀ ਅੰਤਰ-ਆਤਮੇ ਕੁਝ ਨਹੀਂ ਵਸਦਾ।

(੩) ਗੁਰਬਾਣੀ ਸੁਣਨ ਜਾਂ ਪੜ੍ਹਨ ਵੇਲੇ ਗੁਰਬਾਣੀ ਦੇ ਉਪਦੇਸ਼ਾਂ ਵਲ ਉੱਕਾ ਧਿਆਨ ਨਾ ਦੇਣਾ ਅਤੇ ਨਿਤਨੇਮ ਕਰਦਿਆਂ ਵੀ ਸੁਰਤੀ ਬਿਰਤੀ ਕਿਤੇ ਨਾ ਕਿਤੇ ਦੌੜੀ ਫਿਰਨੀ।

(੪) ਸੁਰਤੀ ਜਾਂ ਧਿਆਨ ਦੇ ਠੀਕ ਨਾ ਹੋਣ ਦੇ ਕਾਰਨ ਗੁਰਬਾਣੀ ਪ੍ਰਤੀ ਸੱਚੀ ਸ਼ਰਧਾ ਅਤੇ ਪ੍ਰੇਮ ਦੀ ਘਾਟ ਹੁੰਦੀ ਹੈ।

**ਪੋਥੀਆਂ ਤੋਂ ਦੇਖ ਕੇ ਕੀਰਤਨ ਕਰਨਾ ਇਕ ਢਹਿੰਦੀ ਕਲਾ ਹੈ :–**

ਸੋ ਸਾਫ਼ ਨਤੀਜਾ ਨਿਕਲਿਆ ਕਿ ਗੁਰਮਤਿ ਦੇ ਇਕ ਸੱਚੇ ਸੁੱਚੇ ਪਾਂਧੀ ਦੀ ਯਾਦ ਕਦੇ ਵੀ ਕਮਜ਼ੋਰ ਨਹੀਂ ਹੋ ਸਕਦੀ, ਸਗੋਂ ਗੁਰਬਾਣੀ ਨੂੰ ਯਾਦ ਕਰਨ ਲਈ, ਉਸਦੀ ਯਾਦ-ਸ਼ਕਤੀ ਵਿਸ਼ੇਸ਼ ਹੋ ਜਾਂਦੀ ਹੈ ਅਤੇ ਉਸ ਦੇ ਮਨ ਵਿਚ ਬਾਣੀ ਪੜ੍ਹਨ ਸੁਣਨ, ਗਾਵਣ ਤੇ ਕੰਠ ਕਰਨ ਦਾ ਚਾਉ ਉਮਡ ਉਮਡ ਪੈਂਦਾ ਹੈ। ਇਸ ਤਰ੍ਹਾਂ ਗੁਰਮੁਖ ਮਨ ਸਹਿਜੇ ਹੀ ਵਧ ਤੋਂ ਵਧ ਬਾਣੀਆਂ ਅਤੇ ਗੁਰਬਾਣੀ ਦੇ ਸ਼ਬਦਾਂ ਦੇ ਕੰਠ ਕਰਨਹਾਰੇ ਅਤੇ ਰਸੀਏ ਬਣਦੇ ਹਨ।

ਪਰ ਗੁਰਬਾਣੀ ਲਈ ਚਾਉ ਚਈਲੀ ਸ਼ਰਧਾ ਅਤੇ ਪ੍ਰੇਮ-ਉਮਾਹੇ ਦੀ ਘਾਟ ਦੇ ਕਾਰਨ, ਗੁਰਬਾਣੀ ਹਿਰਦੇ ਅੰਦਰ ਵਸਦੀ ਰਸਦੀ ਨਹੀਂ, ਜਿਸ ਕਰਕੇ ਕੰਠ ਕਰਨ ਦਾ ਉਤਸ਼ਾਹ ਹੀ ਨਹੀਂ ਉਪਜਦਾ।

ਗੁਰਬਾਣੀ ਕੰਠ ਨਾ ਹੋਣ ਦਾ ਇਕ ਹੋਰ ਵਡਾ ਕਾਰਨ ਹੈ, ਤੇ ਉਹ ਹੈ ਅਵੇਸਲਾਪਣ ਤੇ ਲਾਪਰਵਾਹੀ। ਪੋਥੀਆਂ ਉਤੋਂ ਦੇਖ ਕੇ ਕੀਰਤਨ ਕਰਨ ਦੀ ਪ੍ਰਥਾ ਦੀ ਮੌਜੂਦਗੀ ਵਿਚ ਬਾਣੀ ਕੰਠ ਕਰਨ ਦੀ ਲੋੜ ਹੀ ਨਹੀਂ ਮਹਿਸੂਸ ਕੀਤੀ ਜਾਂਦੀ। ਹਾਲਾਂ ਕਿ ਚੜ੍ਹਦੀ ਕਲਾ ਦੀ ਪ੍ਰਾਪਤੀ ਲਈ ਬਾਣੀ ਦਾ ਕੰਠਾਗਰ ਹੋਣਾ ਅਤਿ ਜ਼ਰੂਰੀ ਹੈ, ਕਿਉਂਕਿ ਇਸ ਬਿਨਾਂ ਪੂਰੀ ਕਲਾ ਨਹੀਂ ਵਰਤਦੀ। ਕੀਰਤਨੀ ਜਨ ਦੀ ਸੁਰਤ ਤਾਂ ਪੋਥੀ ਵਲ ਦੇਖਣ ਦੀ ਕਿਰਿਆ ਵਿਚ ਹੀ ਰੁਝੀ ਰਹਿੰਦੀ ਹੈ, ਸੁਰਤ ਨੂੰ ਅਜ਼ਗੈਬੀ ਹੁਲਾਰਾ ਕਿਵੇਂ ਆਵੇ? ਇਸ ਤਰ੍ਹਾਂ ਤਾਂ ਧਿਆਨ ਉਚ ਮੰਡਲਾਂ ਵਿਚ ਗਮਨ


www.AKJ.Org

ਨਹੀਂ ਜੁੜ ਸਕਦਾ। ਸੋ ਪੋਥੀਆਂ ਤੋਂ ਕੀਰਤਨ ਕਰਨਾ ਪੂਰੀ ਤਰ੍ਹਾਂ ਲਾਭਦਾਇਕ ਨਹੀਂ ਹੋ ਸਕਦਾ।

ਯਾਦ-ਸ਼ਕਤੀ ਤਾਂ ਆਮ ਕਈ ਸਜਣਾਂ ਦੀ, ਜੋ ਗੁਰਮਤਿ ਦੇ ਪਾਂਧੀ ਨਹੀਂ ਹੁੰਦੇ, ਉਨ੍ਹਾਂ ਦੀ ਵੀ ਬਹੁਤ ਤੇਜ਼ ਹੁੰਦੀ ਹੈ। ਪਰ ਇਕ ਗੁਰਮੁਖ ਜਨ ਦੀ ਯਾਦ-ਸ਼ਕਤੀ, ਜੋ ਹਰ ਰੋਜ਼ ਇਕਾਗਰਤਾ ਦਾ ਅਤੇ ਯਾਦ-ਸ਼ਕਤੀ ਨੂੰ ਉਚੇ ਚੁਕਣ ਵਾਲੇ ਅਸੂਲਾਂ ਦਾ ਅਭਿਆਸੀ ਹੋਵੇ, ਕਿਵੇਂ ਕਮਜ਼ੋਰ ਹੋ ਸਕਦੀ ਹੈ? ਇਹ ਗ਼ੈਰ-ਕੁਦਰਤੀ ਗੱਲ ਹੈ। ਮਿਸਾਲ ਵਜੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਯਾਦ-ਸ਼ਕਤੀ ਨਾ ਕੇਵਲ ਅਤੀ ਤੇਜ਼ ਸੀ; ਬਲਕਿ ਹੈਰਾਨ ਕਰਨ ਵਾਲੀ ਸੀ, ਕਿ ਕਿਵੇਂ ਉਨ੍ਹਾਂ ਨੂੰ ਗੁਰਬਾਣੀ ਦੇ ਔਖੇ ਤੋਂ ਔਖੇ ਪਦ ਸੁਤੇ ਸਿਧ ਯਾਦ ਹੋ ਜਾਂਦੇ ਸਨ। ਇਹ ਸਭ ਨਾਮ ਦੀ ਕਮਾਈ ਦੀ ਬਰਕਤ ਸੀ।

## (੨) ਕੀਰਤਨ : ਸਰੀਰਕ ਤੇ ਮਾਨਸਿਕ ਹੋਂਦ ਦਾ ਆਪਸੀ ਨਿਖੇੜ :—

ਰਾਗ, ਇੰਦਰੀ-ਸੁਆਦਾਂ ਨੂੰ ਇਕੱਠਿਆਂ ਕਰਕੇ, ਮਨ ਦੀਆਂ ਤਰੰਗਾਂ ਨਾਲ ਮੇਲ ਦੇਂਦਾ ਹੈ (See Frank. S. Howes's "Man, Mind and Music") ਅਤੇ ਗੁਰਬਾਣੀ ਮਨ ਦੀਆਂ ਤਰੰਗਾਂ ਨੂੰ ਇਕੱਠੇ ਕਰ, ਅਨਹਦ ਧੁੰਨੀ ਵਲ ਇਕਾਗਰ ਕਰਦੀ ਹੈ। ਪਰ ਅੱਖਾਂ ਦਾ ਬਾਰ ਬਾਰ ਖੋਲ੍ਹ ਕੇ ਪੋਥੀ ਤੋਂ ਦੇਖਣ ਦੀ ਕ੍ਰਿਆ, ਜਦੋਂ ਕਿ ਚੇਤਨ ਜਾਂ ਅਚੇਤਨ ਤੌਰ ਤੇ ਮਨ ਵਿਚ ਡਰ ਵੀ ਹੁੰਦਾ ਹੈ ਕਿ ਕਿਤੇ ਤੁਕ ਗ਼ਲਤ ਨਾ ਪੜ੍ਹੀ ਜਾਵੇ, ਮਾਨਸਿਕ ਹੋਂਦ (Mental existence) ਨੂੰ ਸਰੀਰਕ ਹੋਂਦ ਤੋਂ ਉਪਰ ਨਹੀਂ ਉਠਣ ਦੇਂਦੀ। ਇਸ ਤਰ੍ਹਾਂ ਦੇਖਣ ਦੀ ਕਿਰਿਆ ਕੀਰਤਨ ਕਰਨ ਦੇ ਆਸ਼ੇ ਤੋਂ ਉਲਟ ਹੈ (See A. Wood's "The physical Basis of Music")। ਸੋ ਇਸ ਤਰ੍ਹਾਂ ਪੋਥੀਆਂ ਤੋਂ ਦੇਖ ਕੇ ਕੀਰਤਨ ਕਰਨਾ, ਕੀਰਤਨ ਕਰਨ ਦੇ ਉਦੇਸ਼ ਤੋਂ ਹੀ ਉਲਟ ਹੈ।

## (੩) ਨਿਰਬਾਣ ਕੀਰਤਨ—

ਪੋਥੀਆਂ ਤੋਂ ਦੇਖ ਕੇ ਕੀਰਤਨ ਕਰਨ ਨੂੰ ਨਿਰਬਾਣ ਕੀਰਤਨ ਨਹੀਂ ਕਿਹਾ ਜਾ ਸਕਦਾ, ਕਿਉਂਕਿ ਦੇਖਣ ਵਾਲੀ ਗੱਲ ਤਾਂ ਪੜ੍ਹਨ ਵਿਚ ਆ ਜਾਂਦੀ ਹੈ। ਕੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਕੀਰਤਪੁਰ ਸਾਹਿਬ ਗਿਆਰਾਂ ਦਿਨ ਲਗਾਤਾਰ ਕੀਰਤਨ ਕੀਤਾ, ਪੋਥੀਆਂ ਤੋਂ ਦੇਖ ਕੇ ਕਰਦੇ ਸਨ ? ਕੀ ਭਾਈ ਸਾਹਿਬ ਜਦ ਦਿਨ ਰਾਤ ਲਗਾਤਾਰ ਕੀਰਤਨ ਕਰਦੇ ਸਨ ਤਾਂ ਕੀ ਉਹ ਪੋਥੀਆਂ ਦੇਖ ਕੇ ਕੀਰਤਨ ਕਰਦੇ ਸਨ ? ਪੋਥੀਆਂ ਉਤੋਂ ਦੇਖ ਕੇ ਕੀਰਤਨ ਕਰਨ ਦਾ ਰਿਵਾਜ ਉਨ੍ਹਾਂ ਨੇ ਚਲਾਇਆ ਜੋ ਵੰਨਗੀ ਪਿਛੇ ਦੌੜ ਕੇ ਲੋਕਾਂ ਦੀ ਵਾਹ-ਵਾਹ ਜਿਤਣਾ ਚਾਹੁੰਦੇ ਹਨ, ਅਤੇ ਜਿਨ੍ਹਾਂ ਦੇ ਮਨ ਵਿਚ 'ਪੋਥੀ ਪਰਮੇਸਰ ਕਾ ਥਾਨੁ' ਦਾ ਸਤਿਕਾਰ ਨਹੀਂ। ਸੋ ਅਜਿਹੇ ਕੀਰਤਨ ਨੂੰ, ਜੋ ਦੇਖ ਕੇ ਕੀਤਾ ਜਾਂਦਾ ਹੈ, ਅਸੀਂ ਨਿਰਬਾਣ ਕੀਰਤਨ ਨਹੀਂ ਆਖ ਸਕਦੇ। ਇਸ ਤਰ੍ਹਾਂ ਗੁਰਬਾਣੀ ਪ੍ਰਤੀ ਸਰਧਾ ਘਟਦੀ ਹੈ ਅਤੇ ਸਤਿਕਾਰ ਵਿਚ ਕਮੀ ਹੁੰਦੀ ਹੈ।

## (੪) ਸਰੋਤਿਆਂ ਤੇ ਅਸਰ :—

ਗੁਰਬਾਣੀ-ਅਖਾੜੇ ਵਿਚ ਕੀਰਤਨੀਏ ਦਾ ਬੇਅੰਤ ਸਤਿਕਾਰ ਹੈ। ਗੁਰੂ ਦੀ ਕਿਰਪਾ ਹੋਵੇ ਤਾਂ ਚਾਹੇ ਕਿਸੇ ਨੂੰ ਵੀ ਪਾਰਸ ਕਰ ਦੇਵੇ, ਪਰ ਜਿਥੋਂ ਤਕ ਵਿਧੀ ਦਾ ਵਿਚਾਰ ਹੈ, ਪੋਥੀਆਂ ਤੋਂ ਦੇਖ ਕੇ ਕੀਰਤਨ ਕਰਨ ਦਾ ਸਰੋਤਿਆਂ ਉਪਰ ਬਹੁਤ ਚੰਗਾ ਪਰਭਾਵ ਨਹੀਂ ਪੈਂਦਾ। ਅਧੁਨਿਕ ਟੈਲੀਪਾਥੀ ਨੂੰ ਮੁਖ ਰਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਵਿਚਾਰ ਜਿੰਨਾ ਗਹਿਰਾ ਕੀਰਤਨੀਏ ਦੀ ਮਨ-ਸੱਤਾ ਉਪਰ ਉਘੜੇਗਾ ਉਨਾ ਹੀ ਗਹਿਰਾ ਸਰੋਤਿਆਂ ਦੀ ਮਨ-ਸੱਤਾ ਤੇ ਉਘੜਦਾ ਹੈ। ਪਰ ਦੇਖਣ ਦੀ ਕਿਰਿਆ ਵਿਚਾਰਾਂ ਨੂੰ ਜ਼ਿਆਦਾ ਡੂੰਘੇ ਨਹੀਂ ਜਾਣ ਦਿੰਦੀ ਅਤੇ ਨਤੀਜੇ ਵਜੋਂ ਸਰੋਤੇ ਵੀ ਨੀਵੇਂ ਮੰਡਲਾਂ ਵਿਚ ਹੀ ਰਹਿੰਦੇ ਹਨ। ਵਿਚਾਰ-ਤਰੰਗਾਂ ਦੀ ਇਹ ਆਵਾਜਾਈ ਕੁਦਰਤ ਦਾ ਇਕ ਗੁੱਝਾ ਭੇਦ ਹੈ। ਭਾਈ ਸਾਹਿਬ ਵੇਲੇ ਜੋ ਕਲਾ ਵਰਤਦੀ ਸੀ, ਉਹ ਉਨ੍ਹਾਂ ਦੀ ਆਪਣੀ ਕਮਾਈ ਸਦਕਾ ਸੀ। ਇਸ ਤਰ੍ਹਾਂ ਦੇਖਣ ਦੀ ਕਿਰਿਆ ਦਾ ਨਾ ਕੇਵਲ ਕੀਰਤਨੀਏ ਨੂੰ ਨੁਕਸਾਨ ਹੈ ਸਗੋਂ ਸਰੋਤਿਆਂ ਨੂੰ ਵੀ ਘਾਟ ਹੈ। ਬਾਕੀ ਦੇਖ ਦੇਖ ਕੇ ਤਾਂ ਚਾਹੇ ਕੋਈ ਜਿਤਨਾ ਮਰਜ਼ੀ ਕੀਰਤਨ ਕਰੀ ਜਾਏ। ਸੁਆਦ ਤਾਂ ਕੰਠ ਕੀਤੀ


www.AKJ.Org

ਬਾਣੀ ਦਾ ਹੀ ਹੈ। ਇਸ ਤਰ੍ਹਾਂ ਹੀ ਸਰੋਤਿਆਂ ਦੇ ਮਨ ਵਿਚ ਹੈਰਾਨੀ ਦੀ ਭਾਵਨੀ ਪੈਦਾ ਹੋ ਕੇ ਧੂਹ ਪੈਂਦੀ ਹੈ।

## (੫) ਇਹ ਇਕ ਖ਼ਤਰਨਾਕ ਮਾਨਸਿਕ ਆਦਤ ਹੈ—

ਪੋਥੀਆਂ ਤੋਂ ਦੇਖ ਕੇ ਕੀਰਤਨ ਕਰਨਾ ਇਕ ਖ਼ਤਰਨਾਕ ਮਾਨਸਿਕ ਆਦਤ ਹੈ। ਜੇਕਰ ਮਨ ਇਸ ਨਾਲ ਪਰਚਾਇਆ ਜਾਵੇ ਤਾਂ ਫਿਰ ਅਗੋਂ ਤੋਂ ਬਿਲ-ਕੁਲ ਗੁਰਬਾਣੀ ਕੰਠ ਹੋਣੋਂ ਰੁਕ ਜਾਇਗੀ ਅਤੇ ਇਹ ਲੀਹ ਬਿਲਕੁਲ ਗ਼ਲਤ ਹੈ। ਇਸ ਤਰ੍ਹਾਂ ਮਨ ਨੂੰ ਪੋਥੀ ਤੇ ਦੇਖਣ ਦਾ ਸੁਭਾਉ ਪੱਕ ਜਾਂਦਾ ਹੈ। ਕਈ ਗੁਰਮੁਖ ਵੀਰ ਕਈ ਕਈ ਸਾਲਾਂ ਤੋਂ ਕੀਰਤਨ ਕਰਦੇ ਆ ਰਹੇ ਹਨ, ਪਰ ਅਜੇ ਤਕ ਉਨ੍ਹਾਂ ਨੂੰ ਆਸਾ ਦੀ ਵਾਰ ਵੀ ਕੰਠ ਨਹੀਂ ਹੋਈ। ਬਸ ਮਨ ਨੂੰ ਦੇਖਣ ਦਾ ਸੁਭਾ ਪੈ ਗਿਆ ਹੈ। ਸੋ ਇਸ ਆਦਤ ਤੋਂ ਹਰ ਗੁਰਮੁਖ ਵੀਰ ਭੈਣ ਨੂੰ ਬਚਣਾ ਚਾਹੀਦਾ ਹੈ।

## (੬) "ਪੋਥੀ ਪਰਮੇਸਰ ਕਾ ਥਾਨੁ" ਦੀ ਬੇ-ਅਦਬੀ—

ਕੀਰਤਨ-ਅਖਾੜੇ ਵਿਚ ਇਕ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੁੰਦਾ ਹੈ, ਚੌਰ ਹੁੰਦੇ ਹਨ, ਦਰਸ਼ਨੀ ਰੁਮਾਲੇ ਹੁੰਦੇ ਹਨ, ਸੰਗਤ ਅਥਾਹ ਸ਼ਰਧਾ ਨਾਲ ਸਿਰ ਝੁਕਾਉਂਦੀ ਹੈ, ਪਰ ਦੂਸਰੇ ਪਾਸੇ ਪੋਥੀਆਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਰੂਪ ਹਨ, ਕਿਉਂਕਿ ਉਹੀ ਗੁਰਬਾਣੀ ਪੋਥੀਆਂ ਵਿਚ ਹੈ, ਉਹਨਾਂ ਤੇ ਰੁਮਾਲਾ ਵੀ ਨਹੀਂ ਹੁੰਦਾ। ਕਈ ਵੀਰ ਪਿੱਠਾਂ ਪਿਛੇ ਪੋਥੀਆਂ ਖੋਲ੍ਹ ਕੇ ਬੈਠ ਜਾਂਦੇ ਹਨ, ਕਈ ਪੈਰਾਂ ਉਪਰ ਹੀ ਰਖ ਲੈਂਦੇ ਹਨ, ਕਈ ਥਲੇ ਹੀ ਰਖ ਦੇਂਦੇ ਹਨ। ਇਕ ਮਿੰਟ ਸੋਚੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਦੇ ਅਰਥ ਕੀ ਹੋਏ, ਜਦੋਂ ਅਸੀਂ ਐਨ ਉਸੇ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੂਸਰੇ ਰੂਪ (ਪੋਥੀਆਂ) ਦੀ ਘੋਰ ਬੇਅਦਬੀ ਕਰਦੇ ਹਾਂ। ਕੀਰਤਨ ਵਿਚ ਪੋਥੀ ਲੈ ਕੇ ਬੈਠਣਾ ਅਤੇ ਪੋਥੀ ਤੋਂ ਦੇਖ ਕੇ ਕੀਰਤਨ ਕਰਨਾ ਇਕ ਘੋਰ ਬੇਅਦਬੀ ਹੈ, ਜੋ ਹਰ ਹਾਲਤ ਵਿਚ ਹੁੰਦੀ ਹੈ, ਚਾਹੇ ਜਿੰਨਾ ਮਰਜ਼ੀ ਧਿਆਨ ਰਖਿਆ ਜਾਵੇ। ਇਥੇ ਇਹ ਕਹਿਣਾ ਯੋਗ ਹੋਵੇਗਾ ਕਿ ਜਿਸ ਕਾਪੀ ਜਾਂ ਕਿਤਾਬ ਉਪਰ ਛਾਪੇਖ਼ਾਨੇ ਰਾਹੀਂ ਜਾਂ ਹੱਥ ਲਿਖਤ ਰਾਹੀਂ ਨਿਰੋਲ ਬਾਣੀ ਦਰਜ ਹੈ, ਉਹ ਪੋਥੀ ਅਖਵਾਉਂਦੀ ਹੈ।

ਵਾਜੇ ਉਪਰ ਥਾਂ ਘਟ ਹੋਣ ਕਾਰਨ ਪੋਥੀ ਨੂੰ ਸਤਿਕਾਰ ਸਹਿਤ ਰੁਮਾਲਿਆਂ ਵਿਚ ਲਪੇਟ ਕੇ ਰਖਿਆ ਨਹੀਂ ਜਾ ਸਕਦਾ। ਰੇਲ ਦੀ ਵਰਤੋਂ ਕਰਨੀ ਕਠਨ ਹੈ।

ਪੋਥੀ ਦਾ ਖਿਸਕ ਕੇ ਜਾਂ ਰੁੜ੍ਹ ਕੇ ਥਲੇ ਡਿਗਣ ਦਾ ਵੀ ਡਰ ਹੁੰਦਾ ਹੈ।

ਕਈ ਵਾਰ ਹੱਥ ਪੈਰਾਂ ਨੂੰ ਲਗਦੇ ਹਨ, ਨੱਕ ਨੂੰ ਲਗਦੇ ਹਨ ਅਤੇ ਉਨ੍ਹਾਂ ਹਥਾਂ ਨਾਲ ਹੀ ਅਸੀਂ ਪੋਥੀਆਂ ਚੁਕੀ ਫਿਰਦੇ ਹਾਂ।

ਪਿੱਠ ਪਿਛੇ ਪੋਥੀ ਖੋਲ੍ਹਣਾ ਘੋਰ ਬੇਅਦਬੀ ਹੈ।

ਉਚੀਆਂ ਧੁਨਾਂ ਨਾਲ ਕੀਰਤਨ ਕਰਨ ਵੇਲੇ ਕੲੀ ਵਾਰ ਪੋਥੀ ਤੇ ਥੁੱਕ ਦੀਆਂ ਛਿੱਟਾਂ ਵੀ ਡਿਗਦੀਆਂ ਹਨ।

## ਨਤੀਜਾ :—

ਆਮ ਤੌਰ ਤੇ ਸ਼ਬਦ ਭੁਲਣ ਦਾ ਡਰ ਹੁੰਦਾ ਹੈ। ਪਰ ਇਹ ਡਰ ਮਨ ਵਿਚ ਰਖਣਾ ਇਕ ਤਾਂ ਵਿਸ਼ਵਾਸ ਦੀ ਘਾਟ ਹੈ, ਦੂਸਰਾ ਇਹ ਸੋਚਣਾ ਵੀ ਠੀਕ ਨਹੀਂ। ਗੁਰੂ ਚਰਨਾਂ ਦੀ ਓਟ ਲੈਣ ਨਾਲ ਕਦੇ ਕੋਈ ਵਿਘਨ ਨਹੀਂ ਪੈਂਦਾ। ਇਹ ਵੀ ਹੋ ਸਕਦਾ ਹੈ ਕਿ ਇਕ ਸਿੰਘ ਬਾਕਾਇਦਾ ਸ਼ਬਦ ਪੋਥੀ ਨੂੰ ਰੁਮਾਲਿਆਂ ਨਾਲ ਰੇਲ ਤੇ ਪਰਕਾਸ਼ ਕਰਕੇ ਕੀਰਤਨੀਆਂ ਪਾਸ ਬੈਠੇ, ਤਾਕਿ ਕੋਈ ਤੁਕ ਭੁਲਣ ਦੀ ਹਾਲਤ ਵਿਚ ਦਸੀ ਜਾ ਸਕੇ। ਅਵਲ ਤੇ ਇਸ ਦੀ ਨੌਬਤ ਆ ਹੀ ਨਹੀਂ ਸਕਦੀ। ਕਈ ਸਿੰਘਾਂ ਤੇ ਗੁਰੂ ਦੀ ਅਥਾਹ ਕਿਰਪਾ ਹੈ ਅਤੇ ਉਹ ਆਪ ਹੀ ਬਾਣੀ ਦੇ ਕੁੰਡ ਹਨ।

ਸੋ ਅਸੀ ਇਹ ਨਤੀਜਾ ਕਢ ਸਕਦੇ ਹਾਂ ਕਿ ਕੀਰਤਨ-ਅਖਾੜੇ ਵਿਚ ਸ਼ਬਦ-ਪੋਥੀ ਦੀ ਵਰਤੋਂ ਕਰਨਾ ਨਾ ਕੇਵਲ ਢਹਿੰਦੀ ਕਲਾ ਦਾ ਲਖਾਇਕ ਹੈ, ਬਲਕਿ ਇਕ ਕਮਜ਼ੋਰੀ ਹੈ ਅਤੇ ਬਾਣੀ ਦੀ ਘੋਰ ਬੇ-ਅਦਬੀ ਕਰਨਾ ਹੈ। ਸਾਨੂੰ ਇਹ ਗੱਲ ਅਪਣਾ ਲੈਣੀ ਚਾਹੀਦੀ ਹੈ ਕਿ ਅਸੀਂ ਜਦੋਂ ਵੀ ਕੀਰਤਨ ਕਰੀਏ, ਕੰਠ ਹੋਈ ਬਾਣੀ ਦਾ ਹੀ ਕਰੀਏ।


www.AKJ.Org

# ਪੰਥ ਗੁਰਮਤਿ-ਕਸੌਟੀ ਤੋਂ ਉਖੜ ਕੇ ਅਧੋਗਤੀ ਦੇ ਰਾਹ ਤੇ

[ਵਲੋਂ :—ਜੇ. ਪੀ. ਸੰਗਤ ਸਿੰਘ ਜੀ, 75/3, ਬੰਬਈ-82]

ਅਜ ਅਸੀਂ ਸਤਿਗੁਰੂ ਜੀ ਦੀ ਸਥਾਪਿਤ ਕੀਤੀ ਮਰਯਾਦਾ ਨੂੰ ਭੁਲ ਕੇ ਆਪਣੇ ਧਾਰਮਕ ਆਗੂਆਂ ਦੀ ਚੋਣ ਸਹੀ ਨਹੀਂ ਕਰਦੇ ਅਤੇ ਗੁਰ-ਅਸਥਾਨਾਂ ਦੇ ਪ੍ਰਬੰਧਕਾਂ, ਤਖ਼ਤ ਸਾਹਿਬਾਨ ਦੇ ਸਿੰਘ ਸਾਹਿਬਾਂ, ਗ੍ਰੰਥੀ ਸਿੰਘਾਂ, ਰਾਗੀਆਂ, ਪ੍ਰਚਾਰਕਾਂ, ਕਥਾ ਵਾਚਕਾਂ ਆਦਿ ਨੂੰ ਨਿਯੁਕਤ ਕਰਨ ਸਮੇਂ ਸਤਿਗੁਰੂ ਜੀ ਦੀ ਬਖ਼ਸ਼ੀ ਕਸਵਟੀ ਉਤੇ ਜੇ ਪਰਖ ਨਹੀਂ ਕਰਦੇ ਤਾਂ ਅਸੀਂ ਸਤਿਗੁਰੂ ਜੀ ਦੀਆਂ ਨਜ਼ਰਾਂ ਵਿਚ ਨਾ-ਕਾਬਲੇ ਮੁਆਫ਼ ਗੁਨਾਹਗਾਰ ਹਾਂ। ਸਗੋਂ ਸਤਿਗੁਰੂ ਜੀ ਦੀ ਕਾਇਮ ਕੀਤੀ ਸੋਧ-ਮਰਯਾਦਾ ਦੀ ਵਿਰੋਧਤਾ ਦੇ ਪਾਪ ਦੇ ਭਾਗੀ ਬਣ ਰਹੇ ਹਾਂ।

ਪੰਥ ਦਾ, ਇਸ ਮਰਯਾਦਾ ਨੂੰ ਭੁਲ ਜਾਣ ਦਾ ਹੀ ਸਿੱਟਾ ਹੈ ਕਿ ਅਜ ਪੰਥ ਕੋਲ ਸਾਰੇ ਆਧੁਨਿਕ ਸਾਧਨ ਹੋਣ ਦੇ ਬਾਵਜੂਦ, ਕੌਮ ਵਿਚ ਪਹਿਲਾਂ ਨਾਲੋਂ ਵਧ ਪੜ੍ਹੇ-ਲਿਖੇ, ਬੁਧੀ-ਜੀਵੀ ਤੇ ਵਿਦਵਾਨ ਹੋਣ ਦੇ ਬਾਵਜੂਦ, ਅਗੇ ਨਾਲੋਂ ਵਧ ਵੱਡੀਆਂ, ਪੱਕੀਆਂ ਤੇ ਆਧੁਨਿਕ ਢੰਗ ਨਾਲ ਗੁਰਦਵਾਰਿਆਂ ਦੀਆਂ ਬਿਲ-ਡਿੰਗਾਂ ਹੋਣ ਤੇ ਵੀ, ਪੰਥ ਅਜ ਢਹਿੰਦੀਆਂ ਕਲਾਂ ਵਿਚ ਜਾ ਰਿਹਾ ਹੈ, ਸਿਖ ਨੌਜੁਆਨਾਂ ਦਾ ਧਰਮ ਤੋਂ ਵਿਸ਼ਵਾਸ ਉਠ ਰਿਹਾ ਹੈ। ਗੁਰਦਵਾਰਿਆਂ ਦੀਆਂ ਇਮਾਰਤਾਂ ਵਿਸ਼ਾਲ ਅਤੇ ਆਲੀਸ਼ਾਨ ਹੁੰਦੀਆਂ ਜਾ ਰਹੀਆਂ ਹਨ, ਪਰ ਉਹਨਾਂ ਅੰਦਰ ਮੱਥਾ ਟੇਕਣ ਜਾਣ ਵਾਲਿਆਂ ਦੀ ਗਿਣਤੀ ਘਟ ਰਹੀ ਹੈ। ਜਿਉਂ ਜਿਉਂ ਗੁਰਦਵਾਰਿਆਂ ਦੀ ਗਿਣਤੀ ਵਧ ਰਹੀ ਹੈ ਤਿਉਂ ਤਿਉਂ ਸਿਦਕ ਘਟ ਰਿਹਾ ਹੈ। ਜਿਉਂ ਜਿਉਂ ਗੁਰ-ਦਵਾਰਿਆਂ ਦੀਆਂ ਇਮਾਰਤਾਂ ਪਕੀਆਂ ਹੁੰਦੀਆਂ ਜਾ ਰਹੀਆਂ ਹਨ ਤਿਉਂ ਤਿਉਂ ਸਿਦਕ ਤੇ ਈਮਾਨ ਕਚੇ ਹੁੰਦੇ ਜਾ ਰਹੇ ਹਨ। ਜਿਉਂ ਜਿਉਂ ਗੁਰਦਵਾਰਿਆਂ ਦੀਆਂ ਬਿਲਡਿੰਗਾਂ ਉਚੀਆਂ ਹੁੰਦੀਆਂ ਜਾ ਰਹੀਆਂ ਹਨ ਤਿਉਂ ਤਿਉਂ ਖ਼ਾਸ ਤੌਰ ਤੇ ਪ੍ਰਬੰਧਕਾਂ ਤੇ ਕਰਮ-ਚਾਰੀਆਂ ਦਾ ਤੇ ਆਮ ਕਰਕੇ ਜਨ ਸਧਾਰਨ ਸਿਖ ਦਾ ਧਾਰਮਿਕ ਜੀਵਨ-ਪਧਰ ਨੀਵਾਂ ਹੁੰਦਾ ਜਾ ਰਿਹਾ ਹੈ। ਇਸ ਦਾ ਮੂਲ ਕਾਰਨ ਕੇਵਲ ਇਹੋ ਹੈ ਕਿ ਅਸੀਂ ਆਪਣੇ ਧਾਰਮਕ ਆਗੂਆਂ, ਆਪਣੇ ਲੀਡਰਾਂ ਤੇ ਗ੍ਰੰਥੀਆਂ ਪ੍ਰਚਾਰਕਾਂ ਆਦਿ ਦੀ ਚੋਣ ਸਤਿਗੁਰੂ ਜੀ ਦੀ ਕਾਇਮ ਕੀਤੀ ਮਰਯਾਦਾ ਅਨੁਸਾਰ ਨਹੀਂ ਕਰਦੇ। ਬਿਨਾਂ ਪਰਖ ਤੇ ਸੋਧ ਤੋਂ ਕੀਤੀ ਹੋਈ, ਆਪਣੇ ਆਗੂਆਂ ਦੀ ਸਾਡੀ ਗਲਤ ਚੋਣ ਦਾ ਹੀ ਇਹ ਸਿੱਟਾ ਹੈ ਕਿ ਸਾਡੇ ਧਰਮ ਅਸਥਾਨ, ਜਿਹੜੇ ਅਧਿਆਤ-ਮਿਕਤਾ ਦੇ ਸੋਮੇ ਬਣਾਏ ਗਏ ਸਨ, ਅਜ ਨਿਰੀ ਪੁਰੀ ਦੁਕਾਨਦਾਰੀ, ਸੱਤਾ ਤੇ ਇਕਤਦਾਰ-ਪ੍ਰਾਪਤੀ ਦੇ ਅੱਡੇ ਬਣ ਕੇ ਰਹਿ ਗਏ ਹਨ। ਅਜ ਇਹ ਧਰਮ ਅਸਥਾਨ ਇਕ ਦੂਜੀ ਪਾਰਟੀ ਨੂੰ ਗਿਰਾਉਣ ਤੇ ਢਾਹੁਣ ਦੇ ਅਖਾੜੇ ਬਣ ਗਏ ਹਨ, ਇਥੇ ਧਰਮ ਨਾਲੋਂ ਧੜਿਆਂ ਦੀ ਵਧੇਰੇ ਪੂਜਾ ਹੁੰਦੀ ਹੈ। ਅਜ ਗੁਰਦੁਆਰਿਆਂ ਵਿਚੋਂ ਸ਼ਾਂਤੀ ਤੇ ਆਤਮ-ਸੰਤੁਸ਼ਟਤਾ ਦੀ ਥਾਂ ਅਸ਼ਾਂਤੀ ਤੇ ਮਨ ਦੀ ਕਲਪਨਾ, ਅਥਵਾ ਦ੍ਵੈਤ ਭਾਵਨਾ ਹੀ ਪ੍ਰਾਪਤ ਹੁੰਦੀ ਹੈ। ਨਤੀਜਾ ਪਰਤਖ ਹੈ, ਅਜ ਤੋਂ ੩੫-੪੦ ਸਾਲ ਪਹਿਲਾਂ ਪੰਜਾਬ, ਫ਼ਰੰਟੀਅਰ ਅਤੇ ਬਹੁਤ ਕਰਕੇ ਸਿੰਧ ਆਦਿ ਪ੍ਰਾਂਤਾਂ ਵਿਚ ਸ਼ਾਇਦ ਹੀ ਕੋਈ ਹਿੰਦੂ ਘਰ ਅਜਿਹਾ ਹੁੰਦਾ ਸੀ ਜਿਸ ਦੇ ਇਕ ਦੋ ਨੌਨਿਹਾਲ, ਸਿੰਘ ਸਜੇ ਹੋਏ ਨਹੀਂ ਸਨ ਹੁੰਦੇ; ਪਰ ਇਸ ਦੇ ਉਲਟ ਅਜ ਹਾਲਤ ਇਹ ਹੈ ਕਿ ਕੋਈ ਹੀ ਭਾਗਾਂ ਵਾਲਾ ਸਿਖ ਘਰਾਣਾ ਅਜਿਹਾ ਬਚ ਗਿਆ ਹੋਵੇਗਾ ਜਿਸ ਵਿਚ ਇਕ ਦੋ ਨੌਜੁਆਨ ਪਤਿਤ ਨਹੀਂ ਹੋਣਗੇ। ਸਿਖਾਂ ਦੇ ਸੈਂਟਰ ਪੰਜਾਬ ਵਿਚ ਸਿਖਾਂ ਦੇ ਸਰੂਪ ਦੀ ਜੋ ਹਾਲਤ ਹੈ, ਇਸ ਦੀ ਪੂਰਨ ਜ਼ਿਮੇਵਾਰੀ ਸਾਡੀ ਪਰਖ-ਮਰਯਾਦਾ ਤੋਂ ਬੇਮੁਖ ਹੋ ਕੇ ਕੀਤੀ ਸਿਖ ਨੇਤਾਵਾਂ ਦੀ ਚੋਣ ਹੀ ਹੈ।

ਸਿਖ ਧਰਮ ਲਈ ਸਤਿਗੁਰੂ ਸਾਹਿਬਾਨ ਨੇ ਨਿਯੁਕਤੀ (Selection) ਦੀ ਮਰਯਾਦਾ ਹੀ ਉਪਯੋਗੀ ਦਰਸਾਈ ਸੀ, ਪਰ ਅਸੀਂ ਸਤਿਗੁਰੂ ਜੀ ਦੀ ਸਥਾ-ਪਿਤ ਕੀਤੀ ਇਸ ਮਰਯਾਦਾ ਦੇ ਵਿਰੁਧ ਵੋਟਾਂ ਰਾਹੀਂ ਚੋਣ (Election) ਦਾ ਤਰੀਕਾ ਆਪਣੀ ਮਨ-



www.AKJ.Org

ਮਰਜ਼ੀ ਨਾਲ ਅਪਣਾ ਲਿਆ ਹੈ। ਅਜ ਪੰਥ ਨੂੰ ਲਗ ਰਹੀ ਢਾਹ ਦਾ ਇਹੋ ਹੀ ਕਾਰਨ ਹੈ ਕਿ ਅਸੀਂ ਇਕ ਤਾਂ ਸਤਿਗੁਰੂ ਜੀ ਦੀ ਕਾਇਮ ਕੀਤੀ ਸੀਲੈਕਸ਼ਨ ਪ੍ਰਥਾ ਦੇ ਵਿਰੁਧ ਇਲੈਕਸ਼ਨ ਦੇ ਪਿਛੇ ਪਏ ਹੋਏ ਹਾਂ ਤੇ ਦੂਜੇ ਆਪਣੀ ਇਸ ਮਨਮਤਿ ਨਾਲ ਚੁਣੇ ਜਾਣ ਵਾਲੇ ਨੇਤਾਵਾਂ ਤੇ ਆਗੂਆਂ ਦੀ ਪਰਖ-ਮਰਯਾਦਾ ਨੂੰ ਭੁਲ ਕੇ, ਸਤਿਗੁਰੂ ਸਾਹਿਬਾਨ ਦੀ ਸਥਾਪਤਿ ਕੀਤੀ ਪ੍ਰਥਾ ਨੂੰ ਪਿਠ ਦੇ ਕੇ, ਗੁਰੂ ਕੇ ਭਾਣੇ ਦੇ ਵਿਰੁਧ ਹੋ ਰਹੇ ਹਾਂ:—

ਆਪਣੇ ਭਾਣੇ ਜੋ ਚਲੈ ਸੋ ਵਿਛੁੜਿ ਚੋਟਾਂ ਖਾਵੈ ॥

ਸੰਸਾਰ ਵਿਚ ਕਿਧਰੇ ਵੀ ਕਿਸੇ ਧਰਮ ਦੇ ਧਰਮ-ਅਸਥਾਨਾਂ ਦੇ ਪ੍ਰਬੰਧ ਲਈ ਪਾਰਲੀਮੈਂਟਰੀ ਤਰੀਕੇ ਨਾਲ ਕੀਤੀਆਂ ਚੋਣਾਂ ਦਾ ਤਰੀਕਾ ਪ੍ਰਚਲਤ ਨਹੀਂ ਹੈ। ਜਦੋਂ ਤੀਕ ਪੰਥ ਵਿਚ ਇਸ ਤਰ੍ਹਾਂ ਦੀ ਚੋਣ-ਪ੍ਰਥਾ ਜਾਰੀ ਰਹੇਗੀ ਅਤੇ ਜਦੋਂ ਤੀਕ ਚੁਣੇ ਜਾਣ ਵਾਲੇ ਸਜਣਾਂ ਨੂੰ ਸਤਿਗੁਰੂ ਦੀ ਪਰਖ-ਕਸਵਟੀ ਉਤੇ ਪਰਖੇ ਬਿਨਾਂ ਚੁਣਿਆ ਜਾਂਦਾ ਰਹੇਗਾ ਉਦੋਂ ਤੀਕ ਪੰਥ ਨੂੰ ਕਦੇ ਵੀ ਨਿਸ਼ਕਾਮ, ਨਿਰਸੁਆਰਥ, ਸੇਵਾ ਭਾਵਨਾ ਤੇ ਸ੍ਰੇਸ਼ਟ ਜੀਵਨ ਵਾਲੇ ਆਗੂ ਤੇ ਨੇਤਾ ਨਹੀਂ ਮਿਲ ਸਕਣਗੇ।

ਜਦੋਂ ਤੀਕ ਪੰਥ ਵਿਚ ਮੌਜੂਦਾ ਚੋਣ-ਪ੍ਰਥਾ ਪ੍ਰਚਲਤ ਹੈ ਅਤੇ ਪੰਥ, ਚੁਣੇ ਜਾਣ ਵਾਲੇ ਸਜਣਾਂ ਨੂੰ ਚੁਣਨ ਤੋਂ ਪਹਿਲਾਂ ਸਤਿਗੁਰੂ ਜੀ ਦੀ ਦਰਸਾਈ ਪਰਖ-ਕਸਵਟੀ ਤੇ ਪਰਖਣ ਤੋਂ ਅਵੇਸਲਾ ਰਹੇਗਾ ਉਦੋਂ ਤੀਕ ਪੰਥ ਵਿਚ ਕਦੇ ਏਕਤਾ ਨਹੀਂ ਆ ਸਕੇਗੀ, ਧਰਮ ਪ੍ਰਚਾਰ ਨਹੀਂ ਕੀਤਾ ਜਾ ਸਕੇਗਾ, ਗੁਰਦੁਆਰਿਆਂ ਤੇ ਧਰਮ-ਅਸਥਾਨਾਂ ਦਾ ਪ੍ਰਬੰਧ ਨਹੀਂ ਸੁਧਰ ਸਕੇਗਾ, ਧਰਮ ਨਾਲੋਂ ਧੜਾ ਹੀ ਸਦਾ ਪ੍ਰਧਾਨ ਰਹੇਗਾ, ਗੁਰਦੁਆਰਿਆਂ ਦੇ ਫ਼ੰਡ ਤੇ ਸਟੇਜ—ਸਿਆਸਤ, ਧੜੇਬੰਦੀ, ਮਤਲਬ-ਪ੍ਰਸਤੀ ਤੇ ਪਾਰਟੀ-ਬਾਜ਼ੀ ਲਈ ਵਰਤੇ ਜਾਂਦੇ ਰਹਿਣਗੇ।

ਜਦੋਂ ਤੀਕ ਪੰਥ ਵਿਚ ਮੌਜੂਦਾ ਚੋਣ-ਪ੍ਰਥਾ ਕਾਇਮ ਰਹੇਗੀ ਅਤੇ ਪੰਥ ਪਰਖ-ਮਰਯਾਦਾ ਅਨੁਸਾਰ ਨੇਤਾਵਾਂ ਦੀ ਸੋਧ-ਸੁਧਾਈ ਤੇ ਪਰਖ ਦਾ ਆਦੀ ਨਹੀਂ ਬਣਦਾ, ਉਦੋਂ ਤੀਕ ਗੁਰਦੁਆਰਾ ਕਮੇਟੀਆਂ ਅਸੈਂਬਲੀਆਂ ਤੇ ਪਾਰਲੀਮੈਂਟਾਂ ਤੀਕ ਪੁਜਣ ਦੀਆਂ ਪਉੜੀਆਂ ਬਣੀਆਂ ਰਹਿਣਗੀਆਂ। ਪੰਥ ਦੀ ਨੇਤ੍ਰਤਵ ਵਿਚ ਜਫੇਮਾਰਾਂ, ਪੰਥਕ ਹਿਤਾਂ ਦੇ ਵਿਰੋਧੀਆਂ, ਗੋਲਕ-ਚੋਰਾਂ, ਗੁਰਮਤਿ ਤੇ ਸਿਖੀ ਜੀਵਨ ਤੋਂ ਕੋਰੇ ਸਜਣਾਂ, ਮਤਲਬ-ਪ੍ਰਸਤਾਂ, ਖ਼ੁਦਗਰਜ਼ਾਂ ਅਤੇ ਸਰਕਾਰ ਦੇ ਪਿਠੂਆਂ ਦੀ ਭਰਮਾਰ ਰਹੇਗੀ।

---

# ਰਾਜਿਸਥਾਨ ਵਿਖੇ ਸ੍ਰੀ ਅਖੰਡਪਾਠ ਤੇ ਅੰਮ੍ਰਿਤ-ਸਿੰਚਾਰ ਸਮਾਗਮ

ਪਿੰਡ ਲਾਲਪੁਰਾ (ਬਸ ਅੱਡਾ ਸੁਮੇਚਾ ਕੋਠੀ) ਜ਼ਿਲਾ ਸ੍ਰੀ ਗੰਗਾ ਨੰਗਰ ਵਿਖੇ ਭਾਈ ਲਾਭ ਸਿੰਘ, ਭਾਈ ਨਾਹਰ ਸਿੰਘ ਤੇ ਭਾਈ ਪ੍ਰੀਤਮ ਸਿੰਘ ਜੀ ਦੇ ਗ੍ਰਹਿ ਵਿਖੇ ੨੪ ਫ਼ਰਵਰੀ ਸ਼ਾਮ ਵੀਰਵਾਰ ਤੋਂ ੨੭ ਫ਼ਰਵਰੀ ਐਤਵਾਰ ਤਕ ਹੇਠ ਲਿਖੇ ਅਨੁਸਾਰ ਅਖੰਡ ਕੀਰਤਨ, ਸ੍ਰੀ ਅਖੰਡ ਪਾਠ ਅਤੇ ਅੰਮ੍ਰਿਤ-ਸਿੰਚਾਰ ਸਮਾਗਮ ਹੋ ਰਹੇ ਹਨ, ਜਿਸ ਵਿਚ ਤਲਵਾੜਾ, ਸ੍ਰੀ ਅੰਮ੍ਰਿਤਸਰ ਅਤੇ ਹੋਰ ਦੂਰ ਨੇੜਿਓਂ ਸਿੰਘ ਸਿੰਘਣੀਆਂ ਸ਼ਾਮਲ ਹੋ ਰਹੇ ਹਨ।

੨੪ ਫ਼ਰਵਰੀ ਵੀਰਵਾਰ ਸ਼ਾਮ ੬ ਤੋਂ ੮॥ ਸੋਦਰ ਦੀ ਚੌਕੀ ਤੇ ਅਖੰਡ ਕੀਰਤਨ

੨੫ ਫ਼ਰਵਰੀ ਸ਼ੁਕਰਵਾਰ ਸਵੇਰੇ ੫ ਤੋਂ ੮ ਕੀਰਤਨ ਆਸਾ ਦੀ ਵਾਰ ਤੇ ਅਰੰਭ ਸ੍ਰੀ ਅਖੰਡਪਾਠ

੨੭ ਫ਼ਰਵਰੀ ਐਤਵਾਰ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ੬ ਵਜੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ ਦੁਪਹਿਰ ਤਕ ਆਸਾ ਦੀ ਵਾਰ ਤੇ ਅਖੰਡ ਕੀਰਤਨ

ਨੋਟ:—ਪਿੰਡ ਲਾਲਪੁਰਾ (ਡਾਕਖ਼ਾਨਾ ਪੀ. ਐਨ. ੨੫) ਬਸ ਅੱਡਾ ਸੁਮੇਚਾ ਕੋਠੀ ਤੋਂ ਇਕ ਫ਼ਰਲਾਂਗ ਦੇ ਕਰੀਬ ਹੈ ਅਤੇ ਰਾਏ ਸਿੰਘ ਨਗਰ ਰੇਲਵੇ ਸਟੇਸ਼ਨ ਤੋਂ ੧੩-੧੪ ਮੀਲ ਹੈ। ਉਥੋਂ ਹਰ ਵਕਤ ਬਸਾਂ ਸੁਮੇਚਾ ਕੋਠੀ ਲਈ ਮਿਲਦੀਆਂ ਹਨ।

**ਆਲੇ ਦੁਆਲੇ ਦੇ ਇਲਾਕੇ ਦੀਆਂ ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ**

**ਪ੍ਰਾਰਥਕ ਦਾਸਰੇ:—ਅਖੰਡ ਕੀਰਤਨੀ ਜੱਥਾ, ਅੰਮ੍ਰਿਤਸਰ**



www.AKJ.org

# ਭਾ: ਸਾ: ਰਣਧੀਰ ਸਿੰਘ ਜੀ ਦੇ ਜੀਵਨ ਤੇ ਸਰਸਰੀ ਨਜ਼ਰ

[ਵਲੋਂ :—ਗਿਆਨੀ ਗੁਰਦਿਤ ਸਿੰਘ ਜੀ, ਸਕੱਤਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ]

ਭਾਈ ਸਾਹਿਬ ਰਣਧੀਰ ਸਿੰਘ ੧੮੭੮, ੭ ਜੂਨ ਨੂੰ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਵਿਚ ਸ: ਨੱਥਾ ਸਿੰਘ ਜੀ ਜੱਜ, ਨਾਭਾ ਸਟੇਟ ਦੇ ਘਰ ਜਨਮੇ ਸਨ। ਆਪ ਨੇ ਲਾਹੌਰ ਐਫ਼. ਸੀ. ਕਾਲਜ ਵਿਚ ਬੀ. ਏ. ਤਕ ਉੱਚ ਵਿਦਿਆ ਪਾਈ। ਤਹਿਸੀਲ-ਦਾਰੀ ਦੀ ਪਦਵੀ ਦਾ ਤਿਆਗ ਕਰ ਕੇ ਆਪ ਜੀ ਨੇ ਪੰਥ ਸੇਵਾ ਦਾ ਮਾਰਗ ਅਖ਼ਤਿਆਰ ਕੀਤਾ ਅਤੇ ਥਾਂ ਥਾਂ ਵਿਚਰ ਕੇ ਕੀਰਤਨ ਰਾਹੀਂ ਧਰਮ ਪ੍ਰਚਾਰ ਕਰਨ ਲਗੇ। ਇਸ ਦੌਰਾਨ ਆਪ ਜੀ ਐਬਟਾਬਾਦ ਹੈਡ ਕਲਰਕ ਵੀ ਲਗਾਏ ਗਏ, ਖਾਲਸਾ ਕਾਲਜ ਅੰਮ੍ਰਿਤ-ਸਰ ਦੇ ਹੋਸਟਲ ਦੇ ਸੁਪਰੰਟੈਂਡੈਂਟ ਵੀ ਲਗੇ, ਪਰ ਬਹੁਤਾ ਚਿਰ ਕਿਸੇ ਅਹੁਦੇ ਤੇ ਨਾ ਟਿਕੇ ਅਤੇ ਗੁਰੂ ਚਰਨਾਂ ਤੋਂ ਨਾ ਵਿਛੜੇ।

ਐਬਟਾਬਾਦ ਵਿਚ ਹੀ ਆਪ ਨੂੰ ਨਾਮ-ਰੰਗ ਲਗਿਆ। ੧੯੧੪ ਵਿਚ ਗੁਰਦਵਾਰਾ ਰਕਾਬ ਗੰਜ ਦੀ ਕੰਧ ਢਾਹੁਣ ਤੇ ਆਪ ਨੇ ਕੰਧ ਨੂੰ ਬਰਕਰਾਰ ਰਖਣ ਲਈ ਸ਼ਹੀਦੀ ਜਥੇ ਦੀ ਸਿਰਜਣਾ ਕੀਤੀ। ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਦੇ ਜਹਾਜ਼ ਦੀ ਵਾਪਸੀ ਤੋਂ ਆਪ ਜੀ ਨੇ ਅੰਗ੍ਰੇਜ਼ ਸਰਕਾਰ ਵਿਰੋਧੀ ਲਹਿਰ ਉਭਾਰਨ ਵਿਚ ਭਾਰੀ ਹਿੱਸਾ ਪਾਇਆ ਅਤੇ ਫ਼ੀਰੋਜ਼ਪੁਰ ਕਿਲ੍ਹੇ ਤੇ ਧਾਵਾ ਕਰਨ ਵਾਲੇ ਦਿਨ ਭਾਈ ਸਾਹਿਬ ਵੀ ਆਪਣੇ ਜਥੇ ਸਮੇਤ ਉਥੇ ਪਹੁੰਚੇ। ਸ: ਕਰਤਾਰ ਸਿੰਘ ਸਰਾਭਾ ਨੇ ਆਪ ਜੀ ਨਾਲ ਸਲਾਹ ਕਰ ਕੇ ਫ਼ੌਜਾਂ ਨਾਲ ਗੰਢ ਤੁਪ ਕੀਤੀ ਹੋਈ ਸੀ। ਪਰ ਇਸ ਅਜ਼ਾਦੀ ਦੀ ਮੁਹਿੰਮ ਦੀ, ਇਕ ਮੁਖ਼ਬਰ ਵਲੋਂ ਵੇਲੇ ਸਿਰ ਫ਼ਰੰਗੀ ਸਰਕਾਰ ਨੂੰ ਸੂਚਨਾ ਮਿਲ ਜਾਣ ਤੇ ਸਾਰੀ ਸਕੀਮ ਵਿਚੇ ਰਹਿ ਗਈ ਅਤੇ ਸਾਰੇ ਮੁਖੀ ਥਾਂ ਥਾਂ ਤੋਂ ਥੋੜੇ ਚਿਰ ਪਿਛੋਂ ਗ੍ਰਿਫ਼ਤਾਰ ਕਰ ਲਏ ਗਏ, ਜਿਨ੍ਹਾਂ ਵਿਚੋਂ ਬਹੁਤੀ ਗਿਣਤੀ ਭਾਈ ਸਾਹਿਬ ਜੀ ਦੇ ਸਾਥੀਆਂ ਦੀ ਸੀ। ਮੁਕੱਦਮਾ ਸਾਜ਼ਸ਼ ਲਾਹੌਰੋਂ ਨੰਬਰ ੨ ਕੇਸ ਵਿਚ ਆਪ ਜੀ ਨੂੰ ਉਮਰ ਕੈਦ ਹੋਈ।

ਆਪ ਜੀ ੧੫ ਸਾਲ ਕੁਝ ਮਹੀਨੇ ਜੇਲ੍ਹਾਂ ਦੇ ਤਸੀਹੇ ਝਲਦੇ ਰਹੇ। ਸਿਖ ਕੌਮ ਵਲੋਂ ਅਰੰਭ ਤੋਂ ਹੀ ਆਪ ਜੀ ਦਾ ਭਾਰੀ ਸਤਿਕਾਰ ਕੀਤਾ ਜਾਂਦਾ ਰਿਹਾ ਹੈ। ਆਪ ਨੂੰ ਗੁਰਦਵਾਰਾ ਸੁਧਾਰ ਲਹਿਰ ਦਾ ਪਹਿਲਾ ਕੈਦੀ, ਸਿਖ ਪੰਥ ਦੀ ਸੋਨੇ ਦੀ ਚਿੜੀਆ ਆਦਿ ਕਹਿ ਕੇ ਅਕਾਲੀ ਲਹਿਰ ਦੇ ਅਰੰਭ ਸਮੇਂ ਅਖ਼ਬਾਰਾਂ ਵਿਚ ਲੰਮੀਆਂ ਲੇਖ-ਲੜੀਆਂ ਲਿਖੀਆਂ ਗਈਆਂ। ਆਪ ਜੀ ਨੇ ਜੇਲ੍ਹ ਵਿਚ ਅਕਹਿ ਤੇ ਅਸਹਿ ਕਸ਼ਟ ਝੱਲੇ, ਲੰਮੀਆਂ ਭੁੱਖ ਹੜਤਾਲਾਂ ਕੀਤੀਆਂ। ਇਕੇਰਾਂ ੪੦ ਦਿਨ ਆਪ ਜੀ ਬਿਨਾਂ ਅੰਨ-ਪਾਣੀ ਦੇ ਭੁਖ-ਹੜਤਾਲੀਏ ਰਹੇ। ਉਦੋਂ ਤਾਂ ਆਪ ਜੀ ਦੇ ਚਲਾਣਾ ਕਰ ਜਾਣ ਦੀ ਖ਼ਬਰ ਵੀ ਸਾਰੇ ਪਾਸੀਂ ਧੁੰਮ ਗਈ ਸੀ। ਏਥੋਂ ਤਕ ਕਿ ਬਾਬੂ ਤੇਜਾ ਸਿੰਘ (ਭਸੌੜ) ਨੇ ਆਪ ਜੀ ਦੇ ਚਲਾਣੇ ਦਾ ਅਖੰਡ ਪਾਠ ਵੀ ਕਰਵਾ ਦਿਤਾ ਸੀ। ਪਰ ਗੁਰੂ ਮੇਹਰ ਨਾਲ ਆਪ ਬਚ ਗਏ। ੧੯੩੦ ਵਿਚ ਆਪ ਜੀ ਰਿਹਾ ਕੀਤੇ ਗਏ। ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪੰਥ ਦੀ ਕੀਤੀ ਨਿਰਮਾਣ ਸੇਵਾ ਬਦਲੇ ਵਿਸ਼ੇਸ਼ ਸਨਮਾਨ ਪੱਤਰ ਤੇ ਹੁਕਮਨਾਮਾ ਬਖਸ਼ਸ਼ ਹੋਇਆ। ਸਮੂਹ ਸਿਖ ਸੁਸਾਇਟੀਆਂ ਵਲੋਂ ਖੁਸ਼ੀਆਂ ਮਨਾਈਆਂ ਗਈਆਂ।

ਇਸ ਪਿਛੋਂ ਆਪ ਜੀ ਨੇ ਆਪਣਾ ਰਹਿੰਦਾ ਜੀਵਨ ਧਰਮ ਪ੍ਰਚਾਰ ਲਈ ਵਕਫ਼ ਕਰ ਦਿੱਤਾ ਤੇ ਕੀਰਤਨ, ਅਖੰਡ ਪਾਠਾਂ ਦੇ ਵਾਯੂ ਮੰਡਲ ਵਿਚ ਵਿਚਰਦੇ ਰਹੇ। ਆਪ ਜੀ ਦੀ ਸੰਗਤ ਨਾਲ ਅਨੇਕਾਂ ਦੇ ਜੀਵਨ ਪਲਟੇ। ਆਪ ਜੀ ਨੇ ਅਨੇਕਾਂ ਲੇਖ ਅਤੇ ਦਰਜਨਾਂ ਪੁਸਤਕਾਂ ਲਿਖੀਆਂ। ੧੬ ਅਪ੍ਰੈਲ ੧੯੬੧ ਵਿਚ ਆਪ ਜੀ ਦਾ ਚਲਾਣਾ ਹੋਇਆ। ਉਸ ਸਮੇਂ ਸਾਰੀਆਂ ਪਾਰਟੀਆਂ, ਖ਼ਾਸ ਕਰਕੇ ਕਾਂਗਰਸ ਤੇ ਅਕਾਲੀ ਪਾਰਟੀ ਦੇ ਲੀਡਰਾਂ ਨੇ ਆਪ ਜੀ ਦੇ ਚਲਾਣੇ



www.AKJ.Org

ਉਤੇ ਪੁਜ ਕੇ ਸ਼ਰਧਾ ਭੇਟ ਕੀਤੀ।

ਇਤਨੇ ਅਰਸੇ ਵਿਚ ਆਪ ਜੀ ਦੇ ਸਹਿਯੋਗੀ ਕੀਰਤਨੀਆਂ ਦਾ ਇਕ ਦਲ ਖੜਾ ਹੋ ਗਿਆ ਹੈ, ਜੋ ਦੇਸ਼-ਵਿਦੇਸ਼ ਵਿਚ ਕੀਰਤਨ ਦੀਆਂ ਧੁੰਨਾਂ ਨਾਲ ਅੰਮ੍ਰਿਤ ਕੀਰਤਨ ਦੇ ਛਿਟੇ ਦਿੰਦੇ ਹੋਏ ਜਲ ਬਲ ਰਹੇ ਸੰਸਾਰ ਵਿਚ ਸ਼ਾਂਤੀ ਵਰਤਾਉਣ ਦੀ ਸੇਵਾ ਕਰ ਰਿਹਾ ਹੈ। ਆਪ ਜੀ ਦੀਆਂ ਲਿਖੀਆਂ ਛੋਟੀਆਂ ਵੱਡੀਆਂ ਤਿੰਨ ਦਰਜਨ ਤੋਂ ਵਧ ਪੁਸਤਕਾਂ ਪ੍ਰਾਪਤ ਹਨ, ਜਿਨ੍ਹਾਂ ਵਿਚੋਂ ਜੇਲ੍ਹ ਚਿਠੀਆਂ, ਜੋਤਿ ਵਿਗਾਸ, ਰੰਗਲੇ ਸਜਣ ਦਰਸ਼ਨ ਝਲਕਾਂ, ਗੁਰਬਾਣੀ ਦੀਆਂ ਲਗਾ ਮਾਤਰਾਂ ਦੀ ਵਿਲੱਖਣਤਾ, ਅਣਡਿਠੀ ਦੁਨੀਆ ਆਦਿ ਬਹੁਤ ਪ੍ਰਸਿਧ ਹਨ। ਭਾਈ ਸਾਹਿਬ ਜੀ ਦੀ ਉੱਤਮ ਵਾਰਤਕ ਜੇਲ੍ਹ ਚਿਠੀਆਂ ਵਿਚ ਅਤੇ ਕਵਿਤਾਵਾਂ 'ਦਰਸ਼ਨ ਝਲਕਾਂ ਵਿਚ ਮਿਲਦੀਆਂ ਹਨ। ਜੋਤਿ ਵਿਗਾਸ ਪੁਸਤਕ ਇਕ ਤਰ੍ਹਾਂ ਦਾ ਮਹਾਂ ਕਾਵਿ ਹੈ।

ਆਪ ਜੀ ਦੇ ਜੀਵਨ ਦੀਆਂ ਕੁਝ ਤਰੀਕਾਂ

| | |
|---|---|
| ਜਨਮ— | ੮ ਜੂਨ ੧੮੭੮ |
| ਅੰਮ੍ਰਿਤ ਛਕਣਾ— | ੧੪ ਜੂਨ ੧੯੦੩ |
| ਐਬਟਾਬਾਦ ਵਿਖੇ ਅਕਾਲੀ ਜੋਤਿ ਦੇ ਦਰਸ਼ਨ | ੧੯੦੪ |
| ਨਾਭੇ ਵਿਚ ਨਜ਼ਰਬੰਦੀ— | ੯ ਮਈ ੧੯੧੫ |
| ਉਮਰ ਕੈਦ ਹੋਈ | ੩੦ ਮਾਰਚ ੧੯੧੬ |
| ਮੁਲਤਾਨ ਜੇਲ੍ਹ ਵਿਚ ੪੦ ਦਿਨ ਦੀ ਭੁਖ ਹੜਤਾਲ— | ੫ ਅਪ੍ਰੈਲ ੧੯੧੬ |
| ਜੇਲ੍ਹਾਂ ਦੇ ਮਹਾਨ ਤਸੀਹਿਆਂ ਸਮੇਂ ਪੰਥ ਵਲੋਂ 'ਅਰਦਾਸ ਦਿਵਸ'— | ੧ ਫਰਵਰੀ ੧੯੨੩ |
| ਉਮਰ ਕੈਦ ਤੋਂ ਰਿਹਾਈ | ੪ ਅਕਤੂਬਰ ੧੯੩੦ |
| ਅਕਾਲ ਤਖ਼ਤ ਸਾਹਿਬ ਵਲੋਂ ਹੁਕਮਨਾਮਾ ਤੇ ਸਿਰੋਪਾ | ੧੫ ਸਤੰਬਰ ੧੯੩੧ |
| ਅਕਾਲ ਚਲਾਣਾ | ੧੬ ਅਪ੍ਰੈਲ ੧੯੬੧ |

---

# ਤੂੰ ਬਣ ਅਸਲ ਅਕਾਲੀ

[ਵਲੋਂ :—ਸ: ਸਾਧੂ ਸਿੰਘ ਜੀ ਸੂਫ਼ੀ]

ਧਰਮ ਹੇਤ ਸਰਬੰਸ ਵਾਰ ਸਭ, ਗੁਰ ਗੋਬਿੰਦ ਵਿਖਾਇਆ, ਧਰਮ ਕਮਾਇਆ।
ਕਰਮ ਕਮਾਇਆ ਏਸ ਜਗਤ ਵਿਚ, ਹਿੰਦੂ ਧਰਮ ਬਚਾਇਆ, ਕੁਫ਼ਰ ਮਿਟਾਇਆ।
ਕੁਫ਼ਰ ਮਿਟਾ ਕੇ ਏਸ ਦੇਸ ਚੋਂ, ਖ਼ਾਲਸਾ ਪੰਥ ਚਲਾਇਆ, ਭੇਦ ਗਵਾਇਆ।
ਭੇਦ ਮਿਟਾ ਕੇ ਈਸ ਜੀਵ ਦਾ, ਸੂਫ਼ੀ ਬ੍ਰਹਮ ਜਣਾਇਆ, ਗਿਆਨ ਸੁਣਾਇਆ।੧੭੯।

ਸਿਖ ਸੂਰਮਾ ਹੋ ਕੇ ਬੇਖ਼ੁਦ, ਕੁਫ਼ਰ ਖ਼ੁਦੀ ਨੂੰ ਮਾਰੇ, ਤੇ ਲਲਕਾਰੇ।
ਕਾਮ ਕ੍ਰੋਧ ਹੰਕਾਰ ਕਮੀਨੇ, ਜਦ ਬਲ ਆਪਣਾ ਧਾਰੇ, ਤੇ ਦੁਰਕਾਰੇ।
ਫ਼ਤਹ ਕਰੋ ਸਭ ਜਗਤ ਜ਼ਮਾਨਾ, ਵਾਹ ਗੁਰ ਸਦਾ ਉਚਾਰੇ, ਕਦੀ ਨ ਹਾਰੇ।
ਸੂਫ਼ੀ ਸਭ ਵਿਚ ਸਭ ਕੁਝ ਹੋ ਕੇ, ਸਭ ਕੁਝ ਸੋਚ ਵਿਚਾਰੇ, ਧੁਰ ਦਰਬਾਰੇ।੧੮੦।

ਕਾਲ ਨ ਮਾਰੇ ਤੈਨੂੰ ਬੀਬਾ, ਤੂੰ ਬਣ ਅਸਲ ਅਕਾਲੀ, ਗ਼ੈਰ ਸਵਾਲੀ।
ਤੂੰ ਅਜ਼ਾਦ ਖ਼ਾਲਸਾ ਖ਼ਾਲਸ, ਕੁਫ਼ਰ ਖ਼ੁਦੀ ਤੋਂ ਖ਼ਾਲੀ, ਸਭ ਦਾ ਵਾਲੀ।
ਕਰ ਤੂੰ ਦੂਰ ਅਦਾਵਤ ਦਿਲ ਦੀ, ਹੋ ਕੇ ਨੇਕ ਇਅਮਾਲੀ, ਨੇਕ ਖ਼ਿਆਲੀ।
ਸੂਫ਼ੀ ਤੂੰ ਖ਼ੁਦ ਗੁਲਸ਼ਨ ਮਾਲੀ, ਫੂਲ ਪਾਤ ਫਲ ਡਾਲੀ, ਸਭ ਦਾ ਪਾਲੀ।੧੮੧।

['ਸੂਫ਼ੀ ਡਿਉਢਾਂ' ਪੁਸਤਕ ਵਿਚੋਂ]



www.AKJ.Org

## ਸ੍ਰੀ ਅੰਮ੍ਰਿਤਸਰ ਵਿਖੇ ਫ਼ਰਵਰੀ ਦੇ ਕੀਰਤਨ ਪ੍ਰੋਗਰਾਮ

੧੩ ਫ਼ਰਵਰੀ ਐਤਵਾਰ ਸਵੇਰੇ ੬ ਤੋਂ ੧੦–ਸੁਕੈਡਰਨ ਲੀਡਰ ਰਾਮ ਸਿੰਘ ਜੀ ਦੇ ਗ੍ਰਿਹਿ ੧੦੨ ਰਾਣੀ ਕੇ ਬਾਗ ਵਿਖੇ ਉਨ੍ਹਾਂ ਦੇ ਸਪੁੱਤਰ ਡਾਕਟਰ ਸੰਤ ਪ੍ਰਕਾਸ਼ ਸਿੰਘ ਜੀ ਦੇ ਅਨੰਦ ਕਾਰਜ ਤੋਂ ਪਹਿਲਾਂ ਸਾਧ ਸੰਗਤ ਦਾ ਜੋੜ ਮੇਲਾ।

੨੦ ਫਰਵਰੀ ਐਤਵਾਰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਤੋਂ ਉਪਰੰਤ ੬ ਤੋਂ ੧੦ ਤਕ ਅਖੰਡ ਕੀਰਤਨ, ਭਾਈ ਮਨਜੀਤ ਸਿੰਘ ਜੀ ਵਲੋਂ ਆਪਣੇ ਪਿਤਾ ਜੀ ਦੀ ਸਲਾਨਾ ਯਾਦ ਵਿਚ, ਉਨ੍ਹਾਂ ਦੇ ਗ੍ਰਿਹਿ ੧੩੮-ਅਜੀਤ ਨਗਰ ਵਿਖੇ।

---

## ਭੂਪਾਲ ਵਿਖੇ ਅਖੰਡ ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮ

ਗੁਰਦਵਾਰਾ ਗੁਰੂ ਨਾਨਕ ਦਰਬਾਰ ਪਿਪਲਾਨੀ ਵਿਖੇ ੨੨ ਤੋਂ ੨੫ ਮਾਰਚ ਤਕ।

---

## ਬਰੇਲੀ (ਯੂ.ਪੀ.) ਵਿਖੇ ਅਖੰਡ ਕੀਰਤਨ ਸਮਾਗਮ

ਸ: ਗੁਰਚਰਨ ਸਿੰਘ ਜੀ, ੧੬-A ਸ਼ਾਹਦਾਨਾ ਕਾਲੋਨੀ, ਮਾਡਲ ਟਾਊਨ, ਬਰੇਲੀ ਇਤਲਾਹ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ ਹੋਲੇ ਦੇ ਸੰਬੰਧ ਵਿਚ ੬ ਮਾਰਚ ਐਤਵਾਰ ਨੂੰ ਸਵੇਰੇ ੫ ਵਜੇ ਤੋਂ ਲੈ ਕੇ ੧ ਵਜੇ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਸਮੂਹ ਸੰਗਤਾਂ ਦਰਸ਼ਨ ਦੇ ਕੇ ਉਨ੍ਹਾਂ ਨੂੰ ਨਿਵਾਜਣ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

---

## ਧਨਬਾਦ, ਸਿੰਦਰੀ (ਬਿਹਾਰ) ਇਲਾਕੇ ਵਿਚ ਗੁਰਬਾਣੀ ਦੀ ਬਰਖਾ

ਬਾਬਾ ਗੁਲਾਬ ਸਿੰਘ ਜੀ ਜੀਹਲਗੋਰਾ ਤੋਂ ਇਤਲਾਹ ਦਿੰਦੇ ਹਨ ਕਿ ਭਾਈ ਸਾਹਿਬ ਜੀਵਨ ਸਿੰਘ ਜੀ ਹਜ਼ੂਰੀ ਰਾਗੀ ਅਤੇ ਗੁਰਮੁਖ ਪਿਆਰੇ ਵੀਰ ਸੂਰਤ ਸਿੰਘ ਜੀ (ਪੂਰਨ ਜੀ) ਦੀ ਪ੍ਰੀਤੀ-ਪ੍ਰੇਰਨਾ ਦਿਤੀ ਹੋਈ ਸਦਕਾ ਬਿਹਾਰ ਦੇ ਗੁਰਸਿਖ ਸਤਸੰਗੀ ਵੀਰ ਭੈਣਾਂ ਦੂਰੋਂ ਦੂਰੋਂ ਹਰ ਹਫ਼ਤੇ ਇਕੱਠੇ ਹੋ ਕੇ ਗੁਰਬਾਣੀ ਦੀਆਂ ਗੂੰਜਾਂ ਗੂੰਜਾਂਦੇ ਅਤੇ ਹਰ-ਜਸ ਗਾਂਦੇ ਹਨ। ਇਲਾਕੇ ਦੀਆਂ ਸੰਗਤਾਂ ਹੋਰ ਹੋਰ ਉਤਸ਼ਾਹ ਨਾਲ ਵਧ ਤੋਂ ਵਧ ਹਾਜ਼ਰੀਆਂ ਭਰੋ ਅਤੇ ਗੁਰੂ-ਚਰਨਾਂ ਵਿਚ ਜੋੜਨ ਲਈ ਸਹਾਈ ਹੋਵੋ ਜੀ।

---

**MATRIMONIAL :**

Gursikh match M.B.B.S. (or student) M.E. (not B.E.) Ph.D. for talented beautiful young lady.

19, 5'—5" (1.65 M), Canada citizen, B.Sc., plans studying medicine. Shavers, smokers, trimmers please excuse. If willing to take Amrit write including photo to her father—Prof. Singh, Maths, LAURENTIAN UNIVERSITY, SUDBURY, ONTARIO, CANADA.



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਪਹਿਲੇ ਸਤ ਮੈਂਬਰਾਂ ਦੇ ਸੌ ਸੌ ਅਤੇ ਆਖ਼ਰੀ ਮੈਂਬਰ ਬੀਬੀ ਜੋਗਿੰਦਰ ਕੌਰ ਯੂ. ਕੇ. ਦੇ ਸਾਢੇ ਛੇ ਸੌ ਰੁਪਏ ਬੈਂਕ ਵਿਚ ਜਮ੍ਹਾ ਕਰਾ ਕੇ ਹੇਠ ਲਿਖੇ ਅਨੁਸਾਰ ਐਫ਼ ਡੀਆਂ ਬਣਵਾ ਦਿੱਤੀਆਂ ਗਈਆਂ ਹਨ :—

| | | | |
|---|---|---|---|
| 207. ਸ: ਇੰਦਰਜੀਤ ਸਿੰਘ ਜੀ | (ਚਿਟ ਨੰਬਰ 3207) | 398027/117/77 | ਮਿਤੀ 24-1-77 |
| 208. Capt. ਦੇਵਿੰਦਰ ਸਿੰਘ ਜੀ | ( ,, 3208) | 398028/118/77 | ,, |
| 209. ਸ: ਸੰਤੋਖ ਸਿੰਘ ਜੀ | ( ,, 3209) | 398029/119/77 | ,, |
| 210. ਸ: ਵਸਨ ਸਿੰਘ ਜੀ | ( ,, 3210) | 398030/120/77 | ,, |
| 211. Secy. I. A. T. ਗੁਰਦਵਾਰਾ | ( ,, 3211) | 398031/121/77 | ,, |
| 212. ਸ: ਰਾਜਿੰਦਰ ਸਿੰਘ ਜੀ | ( ,, 3212) | 398032/122/77 | ,, |
| 213. ਭਾ: ਜਰਨੈਲ ਸਿੰਘ ਜੀ ਸੰਘਾ | ( ,, 3213) | 398033/123/77 | ,, |
| 214. ਬੀਬੀ ਜੋਗਿੰਦਰ ਕੌਰ ਜੀ ਯੂ. ਕੇ. | ( ,, 3214) | 398034/124/77 | ,, |

## 'ਸੂਰਾ' ਮਾਸਕ ਪਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਨਰੈਣ ਸਿੰਘ ਜੀ ਚਕੰਬਰ ਪੁਰ ਵਲੋਂ | 11-00 |
| ਬੀਬੀ ਮਹਿੰਦਰ ਕੌਰ ਜੀ ਲੁਧਿਆਣਾ ਵਲੋਂ | 15-00 |
| ਸ: ਬਲਬੀਰ ਸਿੰਘ ਜੀ ਕੈਨੇਡਾ ਵਲੋਂ | 17-00 |
| ਸ: ਸੁਰਿੰਦਰ ਸਿੰਘ ਜੀ ਕੋਟਾ ਵਲੋਂ | 10-00 |
| ਸ: ਸੰਤ ਸਿੰਘ ਦੁਰਲਭ ਸਿੰਘ ਜੀ ਵਲੋਂ ਮਾਤਾ ਜੀਵਨੀ ਦੀ ਯਾਦ ਵਿਚ | 11-00 |
| ਸ: ਜਗਤਾਰ ਸਿੰਘ ਜੀ ਟੋਰੰਟੋ, ਕੈਨੇਡਾ ਵਲੋਂ | 2000-00 |
| ਸ: ਮਸਤਾ ਸਿੰਘ ਜੀ ਡਰਬੀ ਯੂ. ਕੇ. ਵਲੋਂ | 97-50 |
| ਸ: ਅਮਰਜੀਤ ਸਿੰਘ ਜੀ ਡਰਬੀ ਯੂ. ਕੇ. ਵਲੋਂ | 60-00 |
| ਸ: ਬਹਾਦਰ ਸਿੰਘ ਜੀ ਡਰਬੀ ਯੂ. ਕੇ. ਵਲੋਂ | 55-00 |

ਵਾਹਿਗੁਰੂ ਸਭ ਵੀਰਾਂ ਭੈਣਾਂ ਨੂੰ ਚੜ੍ਹਦੀ ਕਲਾ ਤੇ ਗੁਰਸਿਖੀ ਜੀਵਨ ਬਖ਼ਸ਼ਣ ।

# ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ

ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ ੩ ਮਾਰਚ ਵੀਰਵਾਰ ਤੋਂ ੬ ਮਾਰਚ ਐਤਵਾਰ ਸਵੇਰ ਤਕ ਹੋਲੇ ਮਹੱਲੇ ਦਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਮਨਾਇਆ ਜਾ ਰਿਹਾ ਹੈ । ਗੁਰੂ ਪਾਤਸ਼ਾਹ ਦੇ ਗੁਰਧਾਮਾਂ ਤੇ ਸ਼ਸਤਰਾਂ ਬਸਤਰਾਂ ਆਦਿ ਦੇ ਦਰਸ਼ਨ ਪਰਸਦੇ ਹੋਏ ਅਖੰਡ ਕੀਰਤਨ ਦੇ ਲਾਹੇ ਪ੍ਰਾਪਤ ਕਰੋ ਜੀ । ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ—

3 ਮਾਰਚ ਸਵੇਰੇ ਪ੍ਰਾਰੰਭ ਸ੍ਰੀ ਅਖੰਡਪਾਠ ਖ਼ਾਲਸਾ ਕਾਲਜ, ਅਨੰਦਪੁਰ ਸਾਹਿਬ ਵਿਖੇ
4 ਮਾਰਚ ਸਵੇਰੇ 4 ਤੋਂ 12 ਅਖੰਡ ਕੀਰਤਨ, ਦੁਪਹਿਰ ਨਗਰ ਕੀਰਤਨ, ਸ਼ਾਮ 7 ਤੋਂ 9 ਅਖੰਡ ਕੀਰਤਨ
5 ਮਾਰਚ ਸਵੇਰੇ 4 ਤੋਂ 1 ਦੁਪਹਿਰ ਤਕ ਭੋਗ ਅਖੰਡਪਾਠ ਅਤੇ ਅਖੰਡ ਕੀਰਤਨ
ਦੁਪਹਿਰ 3 ਵਜੇ ਤੋਂ ਪਿਛੋਂ ਅੰਮ੍ਰਿਤ ਸਿੰਚਾਰ ਅਰੰਭ
ਸ਼ਾਮ ਅੱਠ ਵਜੇ ਅਰੰਭ ਰੈਣ ਸਬਾਈ, 6 ਮਾਰਚ ਸਵੇਰੇ 7 ਵਜੇ ਸਮਾਪਤੀ

ਨੋਟ :— ੧. ਆਪਣਾ ਬਿਸਤਰਾ, ਵਿਛਾਈ ਤੇ ਗੜਵੀ ਜਾਂ ਗਲਾਸ ਲੈ ਕੇ ਆਉ ਜੀ । ੨. ਕਾਲਜ ਵਿਚ ਰਿਹਾਇਸ਼ ਕੇਵਲ ਅਖੰਡ ਕੀਰਤਨੀ ਜੱਥੇ ਦੀ ਸੰਗਤ ਦੀ ਹੋਵੇਗੀ । ੩. ਗੁਰੂ ਕੇ ਲੰਗਰ ਦੀ ਸੇਵਾ ਕਰਨ ਵਾਲੇ ਸਜਣ ਹੇਠ ਲਿਖੇ ਪਤਿਆਂ ਤੇ ਚਿਠੀ ਪੱਤਰ ਕਰਨ—

1. ਸ: ਹਰਿਚਰਨ ਸਿੰਘ 226 ਸੈਕਟਰ 21 ਏ ਚੰਡੀਗੜ੍ਹ (ਟੈਲੀਫੋਨ 28938)

www.AKJ.Org

# ਪਟਿਆਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

*੫ ਮਾਰਚ ਸ਼ਨੀਵਾਰ ਦਿਨ ਅਤੇ ਰਾਤ ਨੂੰ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ*

ਹਰ ਸਾਲ ਵਾਂਗ ਬਸੰਤ ਪੰਚਮੀ ਦੇ ਸਾਲਾਨਾ ਕੀਰਤਨ ਪ੍ਰੋਗਰਾਮ ਪਟਿਆਲਾ ਵਿਖੇ ਹੋ ਰਹੇ ਹਨ। ਜਿਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਦੂਰ ਨੇੜੇ ਤੋਂ ਪੁਜ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਇਲਾਹੀ ਕੀਰਤਨ ਦੇ ਲਾਹੇ ਪ੍ਰਾਪਤ ਕਰਨ ਜੀ।

## *ਪੂਰਾ ਪ੍ਰੋਗਰਾਮ ਇਉਂ ਹੈ :–*

੩ ਫ਼ਰਵਰੀ ਵੀਰਵਾਰ ਸਵੇਰੇ ਅਰੰਭ ਸ੍ਰੀ ਅਖੰਡਪਾਠ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ
ਸ਼ਾਮ ਅਖੰਡ ਕੀਰਤਨ ਗੁਰਦੁਆਰਾ ਸਾਹਿਬ ਰਾਜਪੁਰਾ ਰੋਡ ਕਾਲੋਨੀ

੪ ਫ਼ਰਵਰੀ ਸ਼ੁਕਰਵਾਰ ਸਵੇਰੇ ਅਖੰਡ ਕੀਰਤਨ ਗੁਰਦਵਾਰਾ ਸਾਹਿਬ ਨਵੀਨ ਸਿੰਘ ਸਭਾ, ਧਰਮਪੁਰਾ ਬਾਜ਼ਾਰ
ਸ਼ਾਮ ਅਖੰਡ ਕੀਰਤਨ ਗੁਰਦਵਾਰਾ ਸਾਹਿਬ ਦਰਸ਼ਨੀ ਦਰਬਾਰ, ਨਾਮਦਾਰ ਖ਼ਾਂ ਰੋਡ

੫ ਫ਼ਰਵਰੀ ਸ਼ਨੀਵਾਰ ਸਵੇਰੇ ਸਮਾਪਤੀ ਅਖੰਡਪਾਠ ਤੇ ਹਜ਼ੂਰੀ ਕੀਰਤਨ ਦੁਪਹਿਰ ਤਕ ਦੂਖ ਨਿਵਾਰਨ ਸਾਹਿਬ
ਪੰਜ ਵਜੇ ਸ਼ਾਮ ਅੰਮ੍ਰਿਤ ਸਿੰਚਾਰ ਸਮਾਗਮ ਅਰੰਭ ਹੋਵੇਗਾ।
ਸਤ ਵਜੇ ਰਾਤ ਰੈਣ ਸਬਾਈ ਕੀਰਤਨ ਅਰੰਭ ਹੋ ਕੇ ੬-੨-੭੭ ਨੂੰ ਸਵੇਰੇ ੮ ਵਜੇ ਭੋਗ।

ਰਿਹਾਇਸ਼ ਤੇ ਲੰਗਰ ਦੂਖ ਨਿਵਾਰਨ ਸਾਹਿਬ ਵਿਖੇ ਹੀ—ਆਪਣੀ ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਓ ਜੀ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜੱਥਾ, ਪਟਿਆਲਾ

---

# ਵੈਸਾਖੀ ਦਾ ਸਾਲਾਨਾ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ

*ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ ਐਤਕੀ ਵੈਸਾਖੀ ਦਾ ਸਾਲਾਨਾ ਸਮਾਗਮ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਖੇ ੧੧ ਤੋਂ ੧੪ ਅਪ੍ਰੈਲ ਸਵੇਰ ਤਕ ਹੋਵੇਗਾ।*

---

# DAWN OF DIVINE WISDOM

[Sqn. Ldr. Ram Singh]

ਜੋ ਸਜਣ ਗੁਰਸਿਖੀ ਦੇ ਦਰਸ਼ਨ ਗੁਰੂ ਨਾਨਕ ਸਾਹਿਬ ਦੀ ਗੋਦ ਵਿਚ ਬੈਠ ਕੇ ਕਰਨਾ ਚਾਹੁੰਦੇ ਹਨ, ਉਨ੍ਹਾਂ ਵਾਸਤੇ ਇਹ ਟ੍ਰੈਕਟ ਦੁਰਲਭ ਹੈ। ਦੂਰ ਦੇਸ਼ਾਂ ਵਿਚ ਨਵੇਂ ਸਜ ਗੁਰਸਿਖਾਂ ਲਈ ਇਹ ਟ੍ਰੈਕਟ ਬਹੁਤ ਸਹਾਇਕ ਰਹੇਗਾ।

ਟ੍ਰੈਕਟ ਛਪ ਕੇ ਤਿਆਰ ਹੈ। ਬਹੁਤ ਵਧੀਆ ਕਾਗਜ਼ ਤੇ ਭੇਟਾ ਕੇਵਲ-/75, ਵੰਡਣ ਲਈ ਮੰਗਾਓ ਜੀ।

---

## *ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ*

| | | | | |
|---|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | | ੬-੦੦ | ਗੁਰਮਤਿ ਗੌਰਵਤਾ | ੭-੦੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | | ੩-੦੦ | ਦਰਸ਼ਨ ਝਲਕਾਂ | ੨-੫੦ |
| ਗੁਰਮਤਿ ਰਮਜ਼ਾਂ | | ੧-੩੦ | ਅੰਮ੍ਰਿਤ ਕੀ ਹੈ ? | ੨-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੪-੫੦ | ੬-੫੦ | ਉਮਰ ਕੈਦੀ ਦਾ ਸੁਪਨਾ | ੦-੨੦ |
| ਕੋ ਵਿਰਲਾ ਗੁਰਮਤਿ ਚਲੈ ਜੀਉ | | ੦-੨੦ | ਸਿਖ ਕੌਣ ਹੈ ? | ੦-੨੫ |
| ਸੱਚੀਅ ਦਾੜ੍ਹੀਆਂ | | ੦-੨੦ | ਚਰਨ ਕਮਲ ਕੀ ਮਉਜ | ੦-੭੫ |

ਸਿਖ ਧਰਮ ਤੇ ਮਾਸ ਸ਼ਰਾਬ — ਜੇ ਪੀ. ਸੰਗਤ ਸਿੰਘ ਜੀ — ੨-੭੫

www.AKJ.Org